Hansti Duniya (Punjabi) Vol. 42 No. 05
May 2018



ਹੰਸਤੀ ਦੁਨੀਆ

Vol. 42 • ਅੰਕ :05 • ਮਈ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org

## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries
Equivalent to U.S. Dollars as mentioned above.

ਸਭ ਤੋਂ ਪਹਿਲਾਂ

## ਗਰਮੀ ਦੀਆਂ ਛੁੱਟੀਆਂ

4










## ਸਤੰਭ

| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |

## ਚਿੱਤਰਕਥਾਵਾਂ

| | |
|---|---|
| ਕਿੱਟੀ | 20 |
| ਦਾਦਾ ਜੀ | 46 |



















## ਕਹਾਣੀਆਂ


ਬਿੱਲੀ ਦੀ ਚਤੁਰਾਈ
– ਅਮਨਪ੍ਰੀਤ 6
ਹੱਥਾਂ ਦੀ ਖੁਸ਼ਬੂ
– ਅਮਰਜੀਤ ਚੰਦਰ 12
ਦੋ ਗੁਲਾਮ
– ਨਿਰਮਲ ਪ੍ਰੇਮੀ 24
ਅਨਮੋਲ ਵਸਤੂ
– ਅਵਤਾਰ ਸਿੰਘ ਸੰਧੂ 28
ਨੀਲੂ ਦੀ ਜ਼ਿੱਦ
– ਰਾਧੇਲਾਲ ਨਵਚੱਕਰ 32
ਇਕ ਲੋਟਾ ਪਾਣੀ
– ਸ਼ਾਮਸੁੰਦਰ 35
ਚੰਦਰਗੁਪਤ ਅਤੇ ਹੈਲੇਨ
– ਰੂਪਨਾਰਾਇਣ 39
ਸੁਕਰਾਤ ਦੀ ਸਹਿਨਸ਼ੀਲਤਾ
– ਕਿਸ਼ੋਰ ਡੈਨੀਅਲ 41
ਮਹਾਨ ਕੌਣ?
– ਮਹਿੰਦਰ ਸ਼ੇਖਾਵਤ 45


## ਗੀਤ-ਕਵਿਤਾਵਾਂ


ਦਿਨ ਗਰਮੀ ਦੇ ਆਏ
– ਪ੍ਰਿਤਪਾਲ ਸਾਦਿਕ 5
ਸਤਿਗੁਰੂ ਹਰਦੇਵ
– ਸੁਰਿੰਦਰ ਰੰਧਾਵਾ 9
ਪੜ੍ਹ-ਲਿਖ ਕੇ ਮੈਂ
– ਮਨਦੀਪ ਕੌਰ ਸੰਧੂ 11
ਕਰੀਏ ਕਿਤਾਬਾਂ ਨਾਲ ਪਿਆਰ
– ਜਗਤਾਰ ਚਮਨ 18
ਤਰਬੂਜ
– ਅਕਸ਼ਦੀਪ ਸਿੰਘ 31
ਪਾਠਸ਼ਾਲਾ (ਸਕੂਲ)
– ਬਲਵਿੰਦਰ ਬਾਲਮ 36
ਮੈਂ ਇਕ ਬੂੰਦ ਹਾਂ ਪਾਣੀ ਦੀ
– ਅਮਨਪ੍ਰੀਤ ਨਿਰੰਕਾਰੀ 43


## ਵਿਸ਼ੇਸ਼ ਲੇਖ


ਇਕ ਵਚਿੱਤਰ ਪੰਛੀ ਹੈ ਕੀਵੀ
– ਕੇ.ਪੀ.ਸਿੰਘ 15
ਮੱਛੀਆਂ ਕਿਵੇਂ ਰੰਗ ...
– ਡਾ. ਅਸ਼ੋਕ ਭਾਰਦਵਾਜ 26
ਐਨਾਕੋਂਡਾ ਸੱਪ
– ਨੀਲਮ ਗੁਪਤਾ 29
ਲਾਭਦਾਇਕ ਵੀ ਹਨ ਜਵਾਲਾਮੁਖੀ
– ਉਰਵਸ਼ੀ 30
ਪਵਿੱਤਰ ਸਥਾਨ...ਮਨੇਰ ਸ਼ਰੀਫ
– ਡਾ.ਬਾਨੋ ਸਰਤਾਜ 40
ਰਸਗੁੱਲੇ ਦੀ ਮਿੱਠੀ ਕਹਾਣੀ
– ਦੀਦੀ ਨੈਨਤਾਰਾ 44

ਸਭ ਤੋਂ ਪਹਿਲਾਂ

# ਗਰਮੀ ਦੀਆਂ ਛੁੱਟੀਆਂ

ਪਿਆਰੇ ਬੱਚਿਉ ! ਖੁਸ਼ ਹੋ ਨਾ ! ਮਈ ਦਾ ਮਹੀਨਾ ਆ ਗਿਆ ਹੈ। ਇਹ ਮਹੀਨਾ ਭਾਵੇਂ ਤੇਜ਼ ਗਰਮੀ ਦਾ ਹੁੰਦਾ ਹੈ ਪਰ ਬੱਚਿਉ, ਤੁਹਾਡੇ ਲਈ ਤਾਂ ਇਹ ਸੁਹਾਵਨਾ ਹੀ ਹੁੰਦਾ ਹੈ ਕਿਉਂਕਿ ਇਸ ਮਹੀਨੇ ਗਰਮੀਆਂ ਦੀਆਂ ਛੁੱਟੀਆਂ ਆਰੰਭ ਹੋ ਜਾਂਦੀਆਂ ਹਨ ਜਿਸ ਦੀ ਸਾਰੇ ਬੱਚਿਆਂ ਨੂੰ ਨਵੀਆਂ ਕਲਾਸਾਂ ਸ਼ੁਰੂ ਹੋਣ ਦੇ ਨਾਲ ਹੀ ਉਡੀਕ ਸ਼ੁਰੂ ਹੋ ਜਾਂਦੀ ਹੈ। ਕਈ ਬੱਚੇ ਤਾਂ ਸਵੇਰੇ ਦੇਰ ਤਕ ਸੁੱਤੇ ਹੀ ਰਹਿੰਦੇ ਹਨ ਕਿਉਂਕਿ ਸਕੂਲ ਜਾਣ ਦੀ ਜਲਦੀ ਨਹੀਂ ਹੁੰਦੀ, ਰੋਜ਼-ਰੋਜ਼ ਸਕੂਲ ਨਹੀਂ ਜਾਣਾ ਪੈਂਦਾ ਪਰ ਅਜਿਹਾ ਨਹੀਂ ਕਰਨਾ ! ਸਵੇਰੇ ਸਮੇਂ ਨਾਲ ਹੀ ਉਠਣਾ ਹੈ ਕਿਉਂਕਿ ਸਿਹਤ ਲਈ ਇਹ ਬਹੁਤ ਜ਼ਰੂਰੀ ਹੁੰਦਾ ਹੈ।

ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚੇ ਅਕਸਰ ਅਪਣੇ ਮਾਤਾ-ਪਿਤਾ ਨਾਲ ਮਿਲ ਕੇ ਕਿਤੇ ਦੂਰ ਪਹਾੜੀ ਥਾਵਾਂ ਤੇ ਜਾਣ ਦਾ ਪ੍ਰੋਗਰਾਮ ਵੀ ਬਣਾ ਲੈਂਦੇ ਹਨ। ਇਹ ਵੀ ਬਹੁਤ ਜ਼ਰੂਰੀ ਹੈ। ਇਸ ਨਾਲ ਸਾਨੂੰ ਅਪਣੇ ਮੁਲਕ ਦੇ ਅਲਗ-ਅਲਗ ਸੁੰਦਰ ਸ਼ਹਿਰਾਂ ਦੀ ਵਿਸ਼ੇਸ਼ਤਾ ਦੀ ਜਾਣਕਾਰੀ ਹਾਸਿਲ ਹੁੰਦੀ ਹੈ। ਤੁਸੀਂ ਵੀ ਗਰਮੀਆਂ ਦੀਆਂ ਛੁੱਟੀਆਂ ਕਿਥੇ ਬਿਤਾਈਆਂ ਹਨ, ਉਸ ਥਾਂ ਬਾਰੇ ਆਪਣੇ ਅਨੁਭਵ ਅਪਣੇ ਸਾਥੀਆਂ ਨਾਲ ਜ਼ਰੂਰ ਸਾਂਝੇ ਕਰਨਾ। ਹਾਂ, ਮਾਤਾ-ਪਿਤਾ ਨਾਲ ਜ਼ਿੱਦ ਨਹੀਂ ਕਰਨੀ ਕਿ ਫਲਾਂ ਥਾਂ ਤੇ ਹੀ ਜਾਣਾ ਹੈ ਜਾਂ ਇਨ੍ਹਾਂ ਦਿਨਾਂ ਵਿਚ ਹੀ ਜਾਣਾ ਹੈ। ਉਨ੍ਹਾਂ ਦੀ ਸਲਾਹ ਅਤੇ ਸੁਵਿਧਾ ਨੂੰ ਧਿਆਨ ਵਿਚ ਰਖ ਕੇ ਹੀ ਪ੍ਰੋਗਰਾਮ ਬਣਾਉਣੇ ਹਨ।

ਪਿਆਰੇ ਬੱਚਿਉ ! ਇਕ ਗੱਲ ਦਾ ਹੋਰ ਧਿਆਨ ਰਖਣਾ ਹੈ। ਗਰਮੀ ਤੋਂ ਆਪਣੇ ਆਪ ਨੂੰ ਬਚਾਉਣਾ ਹੈ। ਸਿਹਤ ਦਾ ਧਿਆਨ ਰੱਖਣਾ ਹੈ। ਧੁੱਪ ਵਿਚ ਜ਼ਿਆਦਾ ਨਹੀਂ ਘੁੰਮਣਾ ਇਸ ਲਈ ਜਦ ਵੀ ਬਾਹਰ ਜਾਉ, ਖੂਬ ਪਾਣੀ ਪੀ ਕੇ ਜਾਉ ! ਬਾਜ਼ਾਰ ਵਿਚ ਕੱਟੇ ਹੋਏ ਫਲ ਵਿਕਦੇ ਹਨ, ਉਹਨਾਂ ਨੂੰ ਖਾਣ ਤੋਂ ਬਚੋ ਕਿਉਂਕਿ ਕਾਫੀ ਸਮੇਂ ਪਹਿਲਾਂ ਕੱਟੇ ਹੋਏ ਫਲਾਂ ਜਾਂ ਹੋਰ ਚੀਜ਼ਾਂ ਤੇ ਮੱਖੀਆਂ-ਮੱਛਰ ਬੈਠਣ ਕਾਰਣ ਬੀਮਾਰੀ ਹੋਣ ਦਾ ਡਰ ਬਣਿਆ ਰਹਿੰਦਾ ਹੈ। ਬਿਨਾਂ ਢੱਕੇ ਰਖੀਆਂ ਚੀਜਾਂ ਦੇ ਇਸਤੇਮਾਲ ਤੋਂ ਬਚਣਾ ਹੈ ਤਾਕਿ ਛੁੱਟੀਆਂ ਦਾ ਭਰਪੂਰ ਆਨੰਦ ਲੈ ਸਕੋ।

ਹਾਂ ! ਛੁੱਟੀਆਂ ਵਿਚ ਪੜ੍ਹਾਈ ਨੂੰ ਬਿਲਕੁਲ ਹੀ ਭੁਲਾ ਨਹੀਂ ਦੇਣਾ। ਅਧਿਆਪਕਾਂ ਵੱਲੋਂ ਦਿਤੇ 'ਹੋਮਵਰਕ' ਨੂੰ ਵੀ ਪੂਰਾ ਕਰਨਾ ਹੈ। ਇਸ ਲਈ ਟਾਈਮ ਟੇਬਲ ਇਸ ਤਰ੍ਹਾਂ ਦਾ ਬਣਾਉਣਾ ਹੈ ਜਿਸ ਵਿਚ ਖੇਡਣ ਤੋਂ ਇਲਾਵਾ ਪੜ੍ਹਾਈ ਲਈ ਵੀ ਪੂਰਾ ਸਮਾਂ ਰਖਿਆ ਹੋਵੇ ਤਾਂ ਜੋ ਮਿਲਿਆ ਹੋਇਆ 'ਹੋਮਵਰਕ' ਵੀ ਪੂਰਾ ਕਰ ਸਕੋ ਅਤੇ ਖੇਲ-ਕੂਦ ਅਤੇ ਪਹਾੜਾਂ ਦੀ ਸੈਰ ਦਾ ਵੀ ਪੂਰਾ ਆਨੰਦ ਮਾਣ ਸਕੋ।

ਸੋ ਪਿਆਰੇ ਬੱਚਿਉ ! ਇਨ੍ਹਾਂ ਗੱਲਾਂ ਦਾ ਧਿਆਨ ਕਰਨ ਅਤੇ ਅਮਲ ਵਿਚ ਲਿਆਉਣ ਨਾਲ ਤੁਸੀਂ ਗਰਮੀ ਦੀਆਂ ਇਨ੍ਹਾਂ ਛੁੱਟੀਆਂ ਦਾ ਭਰਪੂਰ ਆਨੰਦ ਵੀ ਮਾਣ ਸਕੋਗੇ ਅਤੇ ਨਵੀਆਂ-ਨਵੀਆਂ ਜਾਣਕਾਰੀਆਂ ਵੀ ਹਾਸਿਲ ਕਰ ਸਕੋਗੇ।

ਸੁਲੇਖ 'ਸਾਥੀ'
ssathi_2007@yahoo.com



❑ ਪ੍ਰਿਤਪਾਲ ਸਾਦਿਕ

# ਦਿਨ ਗਰਮੀ ਦੇ ਆਏ

ਮਈ-ਜੂਨ ਦਾ ਮਹੀਨਾ, ਦਿਨ ਗਰਮੀ ਦੇ ਆਏ।
ਗਰਮੀ ਦੇ ਨਾਲ ਹੁੰਦੀ ਏ, ਸਭ ਦੀ ਹਾਏ-ਹਾਏ।

ਦਿਨੇਂ ਮੱਖੀਆਂ ਦਾ ਮੇਲਾ, ਰਾਤ ਮੱਛਰਾਂ ਦੀ ਫੌਜ,
ਉੱਤੋਂ ਬਿਜਲੀ ਦਾ ਕੱਟ, ਸਾਡੇ ਵੱਟ ਕੱਢੀ ਜਾਏ।

ਕੋਈ ਨਿਕਲੇ ਨਾ ਬਾਹਰ, ਖਾਲੀ ਪਏ ਸਭ ਬਾਜਾਰ,
ਐਸੀ ਗਰਮੀ ਨੇ ਆਪਣੇ, ਰੰਗ ਖੂਬ ਨੇ ਵਿਖਾਏ।

ਆਉਣ ਗਰਮ ਹਵਾਵਾਂ, ਧੂੜ ਮਿੱਟੀ ਨਾਲ ਭਰ,
ਕੀ ਕਿਤੇ ਆਉਣਾ-ਜਾਣਾ, ਭੈੜੀ ਲੂਅ ਵਗੀ ਜਾਏ।

ਵੇਖ ਤਿੱਖੀ ਤੇਜ ਧੁੱਪ ਜੀਵ-ਜੰਤੂ ਵੀ ਨੇ ਚੁੱਪ,
ਨਾਲੇ ਪੰਛੀ ਵੀ ਨੇ ਸਾਰੇ ਗਰਮੀ ਤੋਂ ਘਬਰਾਏ।

ਤੁਸੀ ਬੱਚੇ ਹੋ ਪਿਆਰੇ, ਬਚੋ ਗਰਮੀ ਤੋਂ ਸਾਰੇ,
'ਢਿਲੋਂ' ਅੰਕਲ ਸਾਰਿਆਂ ਨੂੰ ਪਿਆ ਸਮਝਾਏ।

ਮਈ-ਜੂਨ ਦਾ ਮਹੀਨਾ ਦਿਨ ਗਰਮੀ ਦੇ ਆਏ।
ਗਰਮੀ ਦੇ ਨਾਲ ਹੁੰਦੀ ਏ, ਸਭ ਦੀ ਹਾਏ-ਹਾਏ।





❑ ਅਮਨਪ੍ਰੀਤ

# ਬਿੱਲੀ ਦੀ ਚਤੁਰਾਈ

**ਕਾਫ਼ੀ** ਸਮਾਂ ਪਹਿਲਾਂ ਦੀ ਗੱਲ ਹੈ। ਇੱਕ ਦਰੱਖਤ ਦੇ ਉਪਰ ਇੱਕ ਕਾਂ ਦਾ ਆਲ੍ਹਣਾ ਸੀ ਅਤੇ ਦਰੱਖਤ ਦੀਆਂ ਜੜ੍ਹਾਂ ਵਿੱਚ ਇੱਕ ਚੂਹੇ ਦਾ ਘਰ ਸੀ। ਕਾਂ ਅਤੇ ਚੂਹੇ ਦੀ ਆਪਸ ਵਿੱਚ ਦੋਸਤੀ ਸੀ। ਦੋਸਤੀ ਵੀ ਕਾਹਦੀ ਸੀ, ਬਸ ਨਾਂ ਦੀ ਦੋਸਤੀ ਸੀ। ਕਾਂ ਤਾਂ ਕਦੇ ਕਿਸੇ ਦਾ ਮਿੱਤਰ ਨਹੀਂ ਬਣਿਆ। ਫਸਲਾਂ ਪੱਕੀਆਂ ਹੋਈਆਂ ਸਨ ਅਤੇ ਫਸਲਾਂ ਦੀ ਕਟਾਈ ਚੱਲ ਰਹੀ ਸੀ। ਇਸ ਲਈ ਚੂਹਾ ਕੁਝ ਦਾਣੇ ਇਕੱਠੇ ਕਰਨ ਲਈ ਆਪਣੇ ਘਰ ਤੋਂ ਬਾਹਰ ਜਾਣਾ ਚਾਹੁੰਦਾ ਸੀ। ਸ਼ਾਇਦ ਬਾਹਰ ਚੂਹੇ ਨੂੰ ਕਾਫ਼ੀ ਦਿਨ ਵੀ ਲੱਗ ਸਕਦੇ ਸੀ। ਉਸ ਨੇ ਕਾਂ ਨੂੰ ਕਿਹਾ – ਮਿੱਤਰ ਮੈਂ ਕੁਝ ਦਿਨਾਂ ਲਈ ਬਾਹਰ ਜਾ ਰਿਹਾ ਹਾਂ, ਇਸ ਲਈ ਤੂੰ ਮੇਰੇ ਘਰ ਦੀ ਨਿਗਰਾਨੀ ਰੱਖੀਂ। ਕੋਈ ਜਾਨਵਰ ਘਰ ਖਾਲੀ ਦੇਖ ਕੇ ਰਹਿਣ ਨਾ ਲੱਗ ਪਵੇ। ਤੂੰ ਕਿਸੇ ਵੀ ਜਾਨਵਰ ਨੂੰ ਮੇਰੇ ਘਰ ਰਹਿਣ ਨਾ ਦੇਵੀਂ। ਕਾਂ ਨੇ ਹਾਂ ਵਿਚ ਸਿਰ ਹਿਲਾ ਦਿੱਤਾ ਤੇ ਕਿਹਾ ਕਿ ਮੈਂ ਤੇਰੇ ਘਰ ਦੀ ਨਿਗਰਾਨੀ ਰੱਖਾਂਗਾ, ਤੂੰ ਬੇਫਿਕਰ ਹੋ ਕੇ ਜਾ।

ਚੂਹਾ ਕਾਂ ਦੀ ਗੱਲ ਮੰਨ ਕੇ ਆਪਣੇ ਕੰਮ ਲਈ ਬਾਹਰ ਚਲਾ ਗਿਆ। ਉਧਰ ਕਾਂ ਚੂਹੇ ਦੇ ਘਰ ਦੀ ਨਿਗਰਾਨੀ ਰੱਖ ਰਿਹਾ ਸੀ। ਕਾਂ ਨੇ ਸਿਰਫ਼ ਇੱਕ ਦਿਨ ਹੀ ਉਸਦੇ ਘਰ ਦੀ ਨਿਗਰਾਨੀ ਰੱਖੀ ਅਤੇ ਮਨ 'ਚ ਕਹਿਣ ਲੱਗਾ ਕਿ ਇੱਥੇ ਕਿਸ ਨੇ ਰਹਿਣਾ ਹੈ। ਚੂਹਾ ਕਾਫ਼ੀ ਦਿਨ ਗੁਜ਼ਰਨ ਤੋਂ ਬਾਅਦ ਅਜੇ ਤੱਕ ਵਾਪਿਸ ਨਹੀਂ ਆਇਆ ਸੀ। ਇੱਕ ਦਿਨ ਉਸ ਦਰੱਖਤ ਕੋਲੋਂ ਇੱਕ ਖਰਗੋਸ਼ ਗੁਜ਼ਰ ਰਿਹਾ ਸੀ। ਉਸ ਨੇ ਦਰੱਖਤ ਥੱਲੇ ਜਦੋਂ ਘਰ ਖਾਲੀ ਦੇਖਿਆ ਤਾਂ ਉਸ ਘਰ ਵਿੱਚ ਰਹਿਣ ਦੀ ਸੋਚੀ। ਉਸ ਨੇ ਉਪਰ ਵੱਲ ਦੇਖਿਆ ਤਾਂ ਕਾਂ ਬੈਠਾ ਸੀ। ਖਰਗੋਸ਼ ਨੇ ਕਾਂ ਨੂੰ ਪੁੱਛਿਆ ਕਿ ਇਹ ਘਰ ਕਿਸ ਦਾ ਹੈ? ਕਾਂ ਕਹਿਣ ਲੱਗਾ ਕਿ ਖਰਗੋਸ਼ ਭਰਾ, ਘਰ ਤਾਂ ਇਹ ਚੂਹੇ ਦਾ ਹੈ ਪਰ ਉਸਦਾ ਕੁਝ ਪਤਾ ਨਹੀਂ ਹੈ ਉਹ ਕਦੋਂ ਵਾਪਿਸ ਆਵੇ ਜਾ ਨਾ ਆਵੇ, ਤੂੰ ਬੇਫਿਕਰ ਹੋ ਕੇ ਇਸ ਘਰ ਵਿੱਚ ਰਹਿ ਸਕਦਾ ਹੈਂ। ਕਾਂ ਨੇ ਚੂਹੇ ਦਾ ਬਚਨ ਤੋੜ ਦਿੱਤਾ ਅਤੇ ਖਰਗੋਸ਼ ਨੂੰ ਉਸਦੇ ਘਰ ਰਹਿਣ ਲਈ ਕਹਿ ਦਿੱਤਾ। ਉਸ ਨੇ ਬਿਲਕੁਲ ਵੀ ਖਰਗੋਸ਼ ਨੂੰ ਨਹੀਂ ਰੋਕਿਆ। ਖਰਗੋਸ਼ ਵੀ ਖੁਸ਼ ਹੋ ਗਿਆ। ਉਸਨੂੰ ਘਰ ਜੋ ਮਿਲ ਗਿਆ ਸੀ। ਖਰਗੋਸ਼ ਥੱਕਿਆ ਹੋਇਆ ਸੀ, ਇਸ ਲਈ ਚੂਹੇ ਦੇ ਘਰ ਉਹ

ਆਰਾਮ ਨਾਲ ਸੌਂ ਗਿਆ। ਖਰਗੋਸ਼ ਹੁਣ ਚੂਹੇ ਦੇ ਘਰ ਆਰਾਮ ਨਾਲ ਰਹਿ ਰਿਹਾ ਸੀ।

ਉਧਰ ਚੂਹਾ ਵੀ ਆਪਣਾ ਕੰਮ ਖ਼ਤਮ ਕਰਕੇ ਵਾਪਿਸ ਆਪਣੇ ਘਰ ਪਹੁੰਚਿਆ। ਉਸਨੇ ਆਪਣੇ ਘਰ ਜਦੋਂ ਖਰਗੋਸ਼ ਨੂੰ ਦੇਖਿਆ ਤਾਂ ਕਹਿਣ ਲੱਗਾ ਕਿ ਖਰਗੋਸ਼ ਭਰਾ, ਇਹ ਘਰ ਮੇਰਾ ਹੈ ਤੂੰ ਇੱਥੇ ਕਿਵੇਂ? ਤਾਂ ਖਰਗੋਸ਼ ਵੀ ਕਹਿਣ ਲੱਗਾ ਕਿ ਮੈਂ ਕਈ ਦਿਨਾਂ ਤੋਂ ਇਥੇ ਰਹਿ ਰਿਹਾ ਹਾਂ ਇਸ ਲਈ ਹੁਣ ਇਹ ਮੇਰਾ ਘਰ ਹੈ। ਚੂਹਾ ਬੋਲਿਆ ਕਿ ਨਹੀਂ ਇਹ ਘਰ ਮੇਰਾ ਹੈ। ਇਸਦੀ ਨਿਗਰਾਨੀ ਲਈ ਮੈਂ ਕਾਂ ਨੂੰ ਛੱਡ ਗਿਆ ਸੀ ਭਾਵੇਂ ਉਸਨੂੰ ਪੁੱਛ ਲੈ। ਕਾਂ ਵੀ ਉਪੱਰ ਸਭ ਕੁਝ ਸੁਣ ਰਿਹਾ ਸੀ। ਹੁਣ ਕਾਂ ਵੀ ਕੀ ਬੋਲੇ ਕਿਉਂਕਿ ਉਸਦੀ ਲਾਪਰਵਾਹੀ ਕਾਰਨ ਹੀ ਖਰਗੋਸ਼ ਉਸਦੇ ਘਰ ਰਹਿਣ ਲੱਗਾ ਸੀ। ਕਾਂ ਨੇ ਬਹਾਨਾ ਬਣਾ ਕੇ ਕਿਹਾ ਕਿ ਚੂਹੇ ਭਰਾ, ਮੈਨੂੰ ਲੱਗਿਆ ਕਿ ਹੁਣ ਤੂੰ ਕਦੇ ਵਾਪਿਸ ਨਹੀਂ ਆਵੇਂਗਾ। ਇਸ ਲਈ ਮੈਂ ਤੇਰੇ ਘਰ ਖਰਗੋਸ਼ ਨੂੰ ਰਹਿਣ ਦਿੱਤਾ। ਚੂਹੇ ਨੂੰ ਕਾਂ ਤੇ ਬੜਾ ਗੁੱਸਾ ਆਇਆ।

ਚੂਹੇ ਅਤੇ ਖਰਗੋਸ਼ ਦੀ ਆਪਸ ਵਿੱਚ ਤੂੰ-ਤੂੰ, ਮੈਂ-ਮੈਂ ਹੋਣ ਲੱਗੀ। ਉਹ ਆਪਸ ਵਿੱਚ ਲੜਨ ਝਗੜਨ ਲੱਗੇ ਕਿ ਮੇਰਾ ਘਰ ਹੈ, ਮੇਰਾ ਘਰ ਹੈ। ਮੂਰਖ ਕਾਂ ਉਹਨਾਂ ਨੂੰ ਲੜਦੇ ਦੇਖ ਕੇ ਕਹਿਣ ਲੱਗਾ ਕਿ ਤੁਹਾਨੂੰ ਕਿਸੇ ਬੁੱਧੀਮਾਨ ਜਾਨਵਰ ਕੋਲ ਜਾਣਾ ਚਾਹੀਦਾ ਹੈ ਤਾਂ ਜੋ ਤੁਹਾਡਾ ਝਗੜਾ ਖਤਮ ਹੋ ਸਕੇ। ਜੋ ਵੀ ਫੈਸਲਾ ਆਵੇ ਤੁਸੀਂ ਮੰਨੋਂ। ਉਹਨਾਂ ਦੀਆਂ ਗੱਲਾਂ ਇੱਕ ਝਾੜੀ ਵਿੱਚ ਛੁਪੀ ਚਤੁਰ ਬਿੱਲੀ ਸੁਣ ਰਹੀ ਸੀ। ਉਹ ਚੂਹੇ ਅਤੇ ਖਰਗੋਸ਼ ਨੂੰ ਦੇਖ ਕੇ ਬਹੁਤ ਖੁਸ਼ ਹੋ ਰਹੀ ਸੀ। ਉਸ ਦੇ ਮੂੰਹ ਵਿੱਚ ਪਾਣੀ ਭਰ ਆਇਆ ਸੀ। ਉਸ ਨੇ ਜਲਦੀ ਨਾਲ ਆਪਣਾ ਪਹਿਰਾਵਾ ਬਦਲ ਲਿਆ। ਉਸ ਨੇ ਇੱਕ ਸੋਟੀ ਹੱਥ ਵਿੱਚ ਫੜ ਲਈ ਅਤੇ ਚਿੱਟੀ ਮਿੱਟੀ ਨਾਲ ਆਪਣੇ ਆਪ ਨੂੰ ਬਜ਼ੁਰਗਾਂ ਦੀ ਤਰ੍ਹਾਂ ਬਣਾ ਲਿਆ। ਉਹ ਹੌਲੀ-ਹੌਲੀ ਉਸ ਦਰੱਖਤ ਦੇ ਨੇੜੇ ਬਜ਼ੁਰਗਾਂ ਦੀ ਤਰ੍ਹਾਂ ਤੁਰ ਰਹੀ ਸੀ। ਉਦੋਂ ਹੀ ਖਰਗੋਸ਼, ਚੂਹੇ ਅਤੇ ਕਾਂ ਦੀ ਨਜ਼ਰ ਉਸ ਚਤੁਰ ਬਿੱਲੀ ਤੇ ਪਈ। ਮੂਰਖ ਕਾਂ ਮੌਕਾ ਦੇਖ ਕੇ ਕਹਿਣ ਲੱਗਾ ਕਿ ਸ਼ਾਇਦ ਉਹ ਬਜ਼ੁਰਗ ਬਿੱਲੀ ਤੁਹਾਡਾ ਝਗੜਾ ਖਤਮ ਕਰ ਦੇਵੇ। ਤੁਹਾਨੂੰ ਉਸ ਕੋਲ ਜਾਣਾ ਚਾਹੀਦਾ ਹੈ। ਚੂਹਾ ਬੋਲਿਆ ਕਿ ਬਿੱਲੀ ਤਾਂ ਸਾਡੀ ਪੁਰਾਣੀ ਦੁਸ਼ਮਣ ਹੈ। ਇਸ ਉਤੇ ਸਾਨੂੰ ਕਦੇ ਵੀ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਮੂਰਖ ਕਾਂ ਫਿਰ ਬੋਲਿਆ ਕਿ ਬਿੱਲੀ ਬੁੱਢੀ ਹੋ ਚੁੱਕੀ ਹੈ। ਇਸ ਉਮਰ ਵਿੱਚ ਉਹ ਕਿਸੇ ਦਾ ਸ਼ਿਕਾਰ ਨਹੀਂ ਕਰੇਗੀ। ਕਾਂ ਨੇ ਕਿਹਾ





ਕਿ ਸਮਾਂ ਨਾ ਬਰਬਾਦ ਕਰੋ। ਜਲਦੀ ਨਾਲ ਆਪਣਾ ਝਗੜਾ ਖਤਮ ਕਰੋ।

ਉਹ ਦੋਵੇਂ ਕਾਂ ਦੀਆਂ ਗੱਲਾਂ ਵਿੱਚ ਆ ਗਏ। ਚੂਹੇ ਨੇ ਖਰਗੋਸ਼ ਨੂੰ ਕਿਹਾ ਕਿ ਸਾਨੂੰ ਬਿੱਲੀ ਤੋਂ ਦੂਰੀ ਬਣਾ ਕੇ ਹੀ ਗੱਲ ਕਰਨੀ ਚਾਹੀਦੀ ਹੈ। ਇਸ ਦਾ ਕੋਈ ਭਰੋਸਾ ਨਹੀਂ ਹੈ। ਚੂਹਾ ਅਤੇ ਖਰਗੋਸ਼ ਬਿੱਲੀ ਵੱਲ ਨੂੰ ਚੱਲ ਪਏ। ਬਿੱਲੀ ਬਹੁਤ ਜ਼ਿਆਦਾ ਖੁਸ਼ ਹੋਈ ਕਿਉਂਕਿ ਉਸਦਾ ਤੀਰ ਨਿਸ਼ਾਨੇ ਤੇ ਜੋ ਲੱਗਿਆ ਸੀ। ਉਹ ਜਾਂਦੇ ਸਾਰ ਹੀ ਬਿੱਲੀ ਨੂੰ ਕਹਿਣ ਲੱਗੇ - ਬਿੱਲੀ ਮਾਸੀ ! ਸਾਡਾ ਇੱਕ ਝਗੜਾ ਹੈ, ਤੁਸੀਂ ਬਜ਼ੁਰਗ ਹੋ ਗਏ ਹੋ, ਕਿਰਪਾ ਕਰਕੇ ਇਸਦਾ ਕੋਈ ਹੱਲ ਕਰੋ। ਬਿੱਲੀ ਜਾਣ ਬੁਝ ਕੇ ਕਹਿਣ ਲੱਗੀ - ਚੂਹੇ ਅਤੇ ਖਰਗੋਸ਼ ਭਰਾ, ਮੈਨੂੰ ਬਹੁਤ ਘੱਟ ਸੁਣਦਾ ਹੈ ਜੋ ਵੀ ਗੱਲ ਕਹਿਣੀ ਹੈ ਮੇਰੇ ਨਜ਼ਦੀਕ ਆ ਕੇ ਕਹੋ। ਡਰੋ ਨਾਂ ਮੈਂ ਸ਼ਿਕਾਰ ਕਰਨਾ ਤਾਂ ਬਹਤੁ ਸਮਾਂ ਪਹਿਲਾਂ ਹੀ ਛੱਡ ਦਿੱਤਾ ਸੀ। ਬਿੱਲੀ ਬਿਲਕੁਲ ਹੀ ਬਜ਼ੁਰਗਾਂ ਦੀ ਤਰ੍ਹਾਂ ਬੋਲ ਰਹੀ ਸੀ।

ਸਭ ਤੋਂ ਪਹਿਲਾਂ ਵਿਚਾਰਾ ਚੂਹਾ ਹੀ ਨਜਦੀਕ ਗਿਆ ਕਿਉਂਕਿ ਉਸਦਾ ਘਰ ਸੀ। ਉਸਨੂੰ ਤਾਂ ਹਿੰਮਤ ਕਰਨੀ ਹੀ ਪੈਣੀ ਸੀ। ਚੂਹੇ ਨੇ ਸਭ ਕੁਝ ਬਿੱਲੀ ਨੂੰ ਦੱਸਿਆ ਕਿ ਮੇਰਾ ਘਰ ਸੀ। ਮੈਂ ਕਾਂ ਨੂੰ ਇਸਦੀ ਨਿਗਰਾਨੀ ਲਈ ਛੱਡ ਗਿਆ ਸੀ। ਫਿਰ ਖਰਗੋਸ਼ ਨੇ ਵੀ ਬਿੱਲੀ ਨੂੰ ਆਪਣਾ ਸਾਰਾ ਬਿਆਨ ਦਿੱਤਾ। ਚੂਹਾ ਅਤੇ ਖਰਗੋਸ਼ ਬਿੱਲੀ ਦੇ ਬਹੁਤ ਨਜ਼ਦੀਕ ਸਨ। ਹੁਣ ਸਿਰਫ ਕਾਂ ਬਚਿਆ ਸੀ, ਬਿੱਲੀ ਨੇ ਕਾਂ ਨੂੰ ਵੀ ਬੁਲਾਇਆ । ਮੂਰਖ ਕਾਂ ਨੇ ਵੀ ਜਿਉਂ ਹੀ ਆਪਣੀ ਗੱਲ ਕਹਿਣੀ ਸ਼ੁਰੂ ਕੀਤੀ ਤਾਂ ਬਿੱਲੀ ਨੇ ਬਹੁਤ ਹੀ ਫੁਰਤੀ ਨਾਲ ਕਾਂ ਅਤੇ ਚੂਹੇ ਨੂੰ ਦਬੋਚ ਲਿਆ। ਉਸ ਨੇ ਖਰਗੋਸ਼ ਨੂੰ ਵੀ ਭੱਜਣ ਦਾ ਮੌਕਾ ਨਾ ਦਿੱਤਾ। ਸੋ ਬਿੱਲੀ ਨੇ ਬਹੁਤ ਹੀ ਫੁਰਤੀ ਨਾਲ ਤਿੰਨਾਂ ਨੂੰ ਮਾਰ ਦਿੱਤਾ। ਵਿਚਾਰਾ ਚੂਹਾ ਅਤੇ ਖਰਗੋਸ਼ ਕਾਂ ਦੀ ਮੂਰਖਤਾ ਕਾਰਨ ਮਾਰੇ ਗਏ। ਉਹਨਾਂ ਨੂੰ ਆਪਸ ਵਿੱਚ ਝਗੜਨ ਦਾ ਨਤੀਜਾ ਬਿੱਲੀ ਨੇ ਦੇ ਦਿੱਤਾ ਸੀ।

ਕਹਾਣੀ ਦੀ ਸੱਚਾਈ ਜੋ ਵੀ ਹੋਵੇ ਪਿਆਰੇ ਬੱਚਿਓ ! ਇਹੀ ਸੱਚ ਹੈ ਕਿ ਸੱਚਾ ਮਿੱਤਰ ਉਹੀ ਹੈ ਜੋ ਮੁਸੀਬਤ ਵੇਲੇ ਤੁਹਾਡਾ ਸਾਥ ਦੇਵੇ। ਉਹ ਨਹੀਂ ਜੋ ਮੁਸੀਬਤ ਵਿੱਚ ਫਸਾ ਦੇਵੇ।

# ਸਤਿਗੁਰੂ ਹਰਦੇਵ ਭੋਲੇ ਪਾਤਸ਼ਾਹ



ਸਤਿਗੁਰੂ ਹਰਦੇਵ ਭੋਲੇ ਪਾਤਸ਼ਾਹ,
ਸਾਰੀ ਦੁਨੀਆ ਤੇ ਠੰਡ ਵਰਤਾ ਗਏ।
ਵੈਰ ਈਰਖਾ ਦੇ ਨਾਲ,
ਦੁਨੀਆ ਦਾ ਬੁਰਾ ਹਾਲ,
ਉਹ ਤਾਂ ਰਹਿਮਤਾਂ ਦਾ ਮੀਂਹ ਵਰਸਾ ਗਏ।


ਵੱਖ-ਵੱਖ ਧਰਮ ਤੇ ਵੱਖ-ਵੱਖ ਦੇਸ ਨੇ,
ਵੱਖ-ਵੱਖ ਬੋਲੀਆਂ ਤੇ ਵੱਖ-ਵੱਖ ਭੇਸ ਨੇ।
ਨਾ ਹੀ ਦੇਸ ਬਦਲਾਇਆ,
ਨਾ ਹੀ ਭੇਸ ਬਦਲਾਇਆ,
ਉਹ ਤਾਂ ਸਾਰਿਆਂ ਦੀ ਸੋਚ ਬਦਲਾ ਗਏ।

ਊਚ-ਨੀਚ ਅਤੇ ਜਾਤ-ਪਾਤ ਦੇ ਪੁਆੜੇ ਨੇ,
ਸਾਰੇ ਕਹਿਣ ਅਸੀਂ ਚੰਗੇ ਬਾਕੀ ਸਭ ਮਾੜੇ ਨੇ।
ਊਚ-ਨੀਚ ਨੂੰ ਮਿਟਾ ਕੇ,
ਜਾਤ-ਪਾਤ ਨੂੰ ਹਟਾ ਕੇ,
ਉਹ ਤਾਂ ਸਾਰਿਆਂ ਨੂੰ ਕੱਠਿਆਂ ਬਿਠਾ ਗਏ।

'ਰੰਧਾਵਾ' ਹੋਰ ਕੋਈ ਵੀ ਰੱਬ ਨਾ ਵਿਖਾਂਵਦਾ,
ਨਾ ਹੀ ਕੋਈ ਪੈਰਾਂ ਉਤੇ ਝੁਕਣਾ ਸਿਖਾਂਵਦਾ।
ਉਹਨਾਂ ਰੱਬ ਵੀ ਵਿਖਾਇਆ,
ਪੈਰੀਂ ਝੁਕਣਾ ਸਿਖਾਇਆ,
ਸਵਿੰਦਰ ਮਾਤਾ ਜੀ ਦੇ ਰੂਪ ਵਿਚ ਆ ਗਏ।

❑ ਸੁਰਿੰਦਰ ਰੰਧਾਵਾ

# ਵਿਗਿਆਨ ਪ੍ਰਸ਼ਨੋਤਰੀ



ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਜੁਗਨੂੰ ਪ੍ਰਕਾਸ਼ ਕਿਉਂ ਦਿੰਦਾ ਹੈ?**

**ਉੱਤਰ :** ਅਸਲ ਵਿਚ ਜੁਗਨੂੰ ਦੀ ਗ੍ਰੰਥੀ ਵਿਚੋਂ ਇਕ ਪ੍ਰਕਾਰ ਦਾ ਤਰਲ ਪਦਾਰਥ ਨਿਕਲਦਾ ਹੈ ਜਿਸ ਨੂੰ 'ਲੂਸੀ ਫੇਰੀਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਤਰਲ ਪਦਾਰਥ ਜਦ ਵਾਯੂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਬਲਦਾ ਹੈ। ਸਾਹ ਲੈਣ ਨਾਲ ਆਕਸੀਜਨ ਜੁਗਨੂੰ ਦੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਇਸ ਦੇ ਫਲਸਰੂਪ ਜੁਗਨੂੰ ਰੁਕ-ਰੁਕ ਕੇ ਚਮਕਣ ਲਗਦਾ ਹੈ। ਇਸ ਕਾਰਣ ਪ੍ਰਕਾਸ਼ ਦਿੰਦਾ ਰਹਿੰਦਾ ਹੈ। ਪਿਆਰੇ ਬੱਚਿਉ ! ਚਮਕਦੇ ਹੋਏ ਜੁਗਨੂੰ ਆਪ ਨੂੰ ਪਿਆਰੇ ਲਗਦੇ ਹੀ ਹਨ ਅੱਜ ਤੁਹਾਨੂੰ ਇਹਨਾਂ ਦੇ ਚਮਕਣ ਦਾ ਪਤਾ ਵੀ ਲਗ ਗਿਆ ਹੈ।

**ਪ੍ਰਸ਼ਨ : ਸੱਪ ਆਪਣੀ ਕੁੰਜ ਕਿਉਂ ਬਦਲਦਾ ਹੈ?**

**ਉੱਤਰ :** ਅਸਲ ਵਿਚ ਸੱਪ ਦੇ ਸਰੀਰ ਵਿਚ ਸਾਰੀ ਉਮਰ ਵਾਧਾ ਹੁੰਦਾ ਰਹਿੰਦਾ ਹੈ। ਇਥੋਂ ਤਕ ਕਿ ਬੁਢਾਪੇ ਵਿਚ ਵੀ ਸੱਪ ਵੱਧਦੇ ਰਹਿੰਦੇ ਹਨ। ਸਰੀਰਕ ਵਾਧੇ ਕਾਰਣ ਸੱਪ ਦੀ ਕੁੰਜ ਛੋਟੀ ਹੋ ਜਾਂਦੀ ਹੈ,। ਇਸ ਲਈ ਨਿਰਧਾਰਿਤ ਸਮੇਂ ਦੇ ਬਾਅਦ ਸੱਪ ਆਪਣੀ ਬਾਹਰਲੀ ਚਮੜੀ (ਕੁੰਜ) ਨੂੰ ਛੱਡ ਦਿੰਦਾ ਹੈ। ਸੱਪ ਇਕ ਤੋਂ ਤਿੰਨ ਮਹੀਨੇ ਵਿਚ ਆਪਣੀ ਕੁੰਜ ਬਦਲਦਾ ਹੈ।

**ਪ੍ਰਸ਼ਨ : ਸਰੀਰਕ ਚਮੜੀ ਤੇ ਝੁਰੜੀਆਂ ਕਿਉਂ ਪੈਂਦੀਆਂ ਹਨ?**

**ਉੱਤਰ :** ਉਮਰ ਵਧਣ ਦੇ ਨਾਲ-ਨਾਲ ਸਰੀਰ ਦੀ ਚਮੜੀ ਉਤੇ ਝੁਰੜੀਆਂ ਵੀ ਪੈਣ ਲੱਗ ਜਾਂਦੀਆਂ ਹਨ। ਪਿਆਰੇ ਬੱਚਿਉ ! ਕੀ ਤੁਸੀਂ ਜਾਣਦੇ ਹੋ ਕਿ ਇੰਝ ਕਿਉਂ ਹੁੰਦਾ ਹੈ? ਅਸਲ ਵਿਚ ਵੀਹ ਸਾਲ ਦੀ ਉਮਰ ਤੋਂ ਬਾਅਦ ਹਰ ਵਿਅਕਤੀ ਵਿਚ ਕੋਲਾਜੇਨ ਪੈਦਾ ਕਰਨ ਦੀ ਸ਼ਕਤੀ ਹਰ ਸਾਲ ਇਕ ਪ੍ਰਤੀਸ਼ਤ ਘੱਟ ਹੁੰਦੀ ਜਾਂਦੀ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਹਰ ਵਿਅਕਤੀ ਦੀ ਉਮਰ ਵਧਣ ਦੇ ਨਾਲ-ਨਾਲ ਚਮੜੀ ਪਤਲੀ ਅਤੇ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ। ਚਮੜੀ ਵਿਚ ਪਸੀਨਾ, ਤੇਲ, ਏਲਾਸਟਿਨ ਅਤੇ ਗਲਾਇਕੋਸੈਮਿਨੋ ਗਲਾਇਕੈਂਸ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਆਪਣਾ ਕੰਮ ਕਰਨਾ ਘੱਟ ਕਰ ਦਿੰਦੀਆਂ ਹਨ। ਇਸ ਕਾਰਨ ਸਰੀਰਕ ਚਮੜੀ ਉਤੇ ਝੁਰੜੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ।



❑ ਮਨਦੀਪ ਕੌਰ ਸੰਧੂ

# ਪੜ੍ਹ-ਲਿਖ ਕੇ ਮੈਂ...

**ਜਸਕੀਰਤ ਹੈ ਮੇਰਾ ਨਾਮ,**
ਮੰਮੀ ਦੀ ਮੈਂ ਜਿੰਦ ਤੇ ਜਾਨ।

ਛੋਟਾ ਹਾਂ ਪਰ ਪਿਆਰਾ ਹਾਂ,
ਸਭ ਦੀ ਅੱਖ ਦਾ ਤਾਰਾ ਹਾਂ।

ਪਾਪਾ ਮੈਨੂੰ ਕਹਿਣ ਪਿਆਰਾ,
ਦਾਦੀ ਦਾ ਮੈਂ ਰਾਜ ਦੁਲਾਰਾ।

ਚਾਚੂ ਮੇਰਾ ਰੱਖੇ ਖਿਆਲ,
ਦਾਦੂ ਆਖੇ ਆ ਮੇਰੇ ਲਾਲ।

ਭੂਆ ਮੈਨੂੰ ਚੁੱਕਦੀ ਹੈ,
ਸੌ-ਸੌ ਸੁੱਖਣਾ ਸੁਖਦੀ ਹੈ।

**ਮੈਂ ਹਾਂ ਸਭ** ਦਾ ਮਾਣ ਤੇ ਤਾਣ,
ਪੜ੍ਹ-**ਲਿਖ** ਕੇ ਮੈਂ ਬਣਾਂ ਮਹਾਨ।



❑ ਅਮਰਜੀਤ ਚੰਦਰ

# ਹੱਥਾਂ ਦੀ ਖੁਸ਼ਬੂ

**ਅਰਬ** ਵਿਚ ਇਕ ਅਮੀਰ ਸੇਠ ਰਹਿੰਦਾ ਸੀ। ਉਸ ਦਾ ਨਾਂ ਸ਼ੇਖ ਇੰਹਾਮ ਸੀ। ਉਸ ਨੂੰ ਘੁੰਮਣ ਫਿਰਨ ਦਾ ਬਹੁਤ ਸ਼ੌਕ ਸੀ। ਇਕ ਦਿਨ ਉਸ ਨੇ ਰੇਗਿਸਤਾਨ ਘੁੰਮਣ ਦੀ ਸੋਚੀ। ਆਪਣੇ ਪਸ਼ੂਆਂ ਅਤੇ ਕਾਮਿਆਂ ਨਾਲ ਉਹ ਯਾਤਰਾ ਤੇ ਨਿਕਲ ਪਿਆ। ਇਹਨਾਂ ਪਸ਼ੂਆਂ ਵਿਚ ਊਠਾਂ ਤੋਂ ਇਲਾਵਾ ਇਕ ਗਧਾ ਵੀ ਸੀ।

ਉਹਨਾਂ ਦਿਨਾਂ ਵਿਚ ਸ਼ੇਖ ਇੰਹਾਮ ਦੇ ਕੋਲ ਉਸਦਾ ਦੋਸਤ ਬਾਕਰ ਵੀ ਆਇਆ ਹੋਇਆ ਸੀ। ਉਸ ਨੇ ਰੇਗਿਸਤਾਨ ਦੀ ਯਾਤਰਾ ਵਿਚ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਸ਼ੇਖ ਨੇ ਖੁਸ਼ੀ ਨਾਲ ਉਸ ਨੂੰ ਵੀ ਆਪਣੇ ਨਾਲ ਲੈ ਲਿਆ। ਯਾਤਰਾ ਦੌਰਾਨ ਮਿੱਟੀ ਨਾਲ ਭਰੀਆਂ ਹਨੇਰੀਆਂ ਦਾ ਸਾਹਮਣਾ ਕਰਦਿਆਂ ਉਹ ਸਾਰੇ ਅੱਗੇ ਵੱਧਦੇ ਗਏ। ਦੂਰ-ਦੂਰ ਤਕ ਫੈਲੇ ਰੇਗਿਸਤਾਨ ਵਿਚ ਉਚੇ ਉਚੇ ਮਿੱਟੀ ਦੇ ਟਿੱਲੇ ਸਨ। ਉਹਨਾਂ ਵਿਚੋਂ ਰਾਹ ਲੱਭਦਾ ਸਾਹਸੀ ਅਰਬੀਆਂ ਦਾ ਇਕ ਕਾਫਲਾ ਤੁਰਿਆ ਜਾ ਰਿਹਾ ਸੀ।

ਇਹ ਯਾਤਰਾ ਅਦਭੁਤ ਸੀ। ਹੌਸਲੇ ਅਤੇ ਮੁਸੀਬਤਾਂ ਨਾਲ ਭਰਪੂਰ ਪਰ ਇਹ ਆਪਣੇ ਆਪ ਵਿਚ ਰੋਚਕ ਵੀ ਸੀ।

ਸ਼ੇਖ ਇੰਹਾਮ ਦੇ ਦੋਸਤ ਬਾਕਰ ਕੋਲ ਇਕ ਨਿੱਕੀ ਜਿਹੀ ਥੈਲੀ ਸੀ। ਉਸ ਵਿਚ ਉਸ ਨੇ ਯਾਤਰਾ ਦੇ ਖਰਚ ਲਈ ਸੋਨੇ ਦੇ ਅੱਸੀ ਸਿੱਕੇ ਰੱਖੇ ਹੋਏ ਸਨ। ਇਕ ਸਵੇਰ ਜਦ ਬਾਕਰ ਸੌਂ ਕੇ ਉਠਿਆ ਤਾਂ ਉਸ ਨੇ ਦੇਖਿਆ ਕਿ ਉਸ ਦੀ ਸਿਕਿਆਂ ਵਾਲੀ ਥੈਲੀ ਗਾਇਬ ਸੀ। ਉਸ ਦੇ ਲਈ ਅੱਸੀ ਸਿਕਿਆਂ ਦਾ ਮਹੱਤਵ ਬਹੁਤ



ਜ਼ਿਆਦਾ ਸੀ। ਉਸ ਨੇ ਸ਼ੇਖ ਇੰਹਾਮ ਨੂੰ ਇਸ ਚੋਰੀ ਦੀ ਸੂਚਨਾ ਦਿੱਤੀ।


ਇਹ ਤਾਂ ਸਾਫ ਸੀ ਕਿ ਚੋਰੀ ਕਾਫਲੇ ਦੇ ਹੀ ਕਿਸੇ ਆਦਮੀ ਨੇ ਕੀਤੀ ਹੈ। ਉਸ ਰੇਗਿਸਤਾਨ ਵਿਚ ਬਾਹਰ ਦਾ ਕੋਈ ਆਦਮੀ ਆ ਵੀ ਨਹੀਂ ਸਕਦਾ ਸੀ। ਇਹ ਸੋਚ ਕੇ ਇੰਹਾਮ ਨੂੰ ਬੜਾ ਗੁੱਸਾ ਆਇਆ। ਉਹ ਚਾਹੁੰਦਾ ਤਾਂ ਚੁੱਪਚਾਪ ਬਾਕਰ ਨੂੰ ਸੋਨੇ ਦੇ ਅੱਸੀ ਸਿੱਕੇ ਦੇ ਕੇ ਉਸ ਦਾ ਨੁਕਸਾਨ ਪੂਰਾ ਕਰ ਸਕਦਾ ਸੀ। ਪਰ ਇੱਥੇ ਪ੍ਰਸ਼ਨ ਸਿਰਫ ਅੱਸੀ ਸਿਕਿਆਂ ਦਾ ਨਹੀਂ ਸੀ। ਆਖਿਰ ਕਾਫਲੇ ਵਿਚ ਇਹੋ ਜਿਹਾ ਕੌਣ ਸੀ ਜੋ ਬਾਕਰ ਦੇ ਸਾਮਾਨ ਦੀ ਵੀ ਚੋਰੀ ਕਰ ਸਕਦਾ ਸੀ। ਇਸ ਲਈ ਉਹ ਹਰ ਹਾਲਤ ਵਿਚ ਚੋਰ ਨੂੰ ਲੱਭ ਕੇ ਉਸ ਨੂੰ ਸਖਤ ਸਜ਼ਾ ਦੇਣੀ ਚਾਹੁੰਦਾ ਸੀ।

ਸ਼ੇਖ ਜਾਣਦਾ ਸੀ ਕਿ ਕਾਫਲੇ ਦੇ ਸਾਰੇ ਆਦਮੀਆਂ ਦੀ ਤਲਾਸ਼ੀ ਲੈਣ ਨਾਲ ਕੰਮ ਨਹੀਂ ਚਲੇਗਾ। ਹੋ ਸਕਦਾ ਹੈ ਚੋਰ ਨੇ ਸੋਨੇ ਦੇ ਸਿਕਿਆਂ ਨੂੰ ਰੇਗਿਸਤਾਨ ਵਿਚ ਹੀ ਕਿਤੇ ਛੁਪਾ ਦਿੱਤਾ ਹੋਵੇ। ਫਿਰ ਤਲਾਸ਼ੀ ਲੈਣ ਵਿਚ ਸਮਾਂ ਵੀ ਕਾਫੀ ਲਗ ਜਾਂਦਾ। ਕਾਫੀ ਸੋਚ ਵਿਚਾਰ ਤੋਂ ਬਾਅਦ ਸ਼ੇਖ ਨੇ ਇਕ ਯੋਜਨਾ ਬਣਾਈ।

ਉਸ ਨੇ ਆਪਣੇ ਗਧੇ ਨੂੰ ਇਕ ਖਾਲੀ ਤੰਬੂ ਦੇ ਅੰਦਰ ਬੰਨ ਦਿੱਤਾ। ਇਸ ਦੇ ਬਾਅਦ ਉਸ ਨੇ ਕਾਫਿਲੇ ਦੇ ਸਾਰੇ ਲੋਕਾਂ ਨੂੰ ਬੁਲਾ ਕੇ ਇਸ ਘਟਨਾ ਦੀ ਸੂਚਨਾ ਦਿੱਤੀ। ਚੇਤਾਵਨੀ ਦਿੱਤੀ ਕਿ ਜੇਕਰ ਚੋਰ ਫੌਰਨ ਸਾਹਮਣੇ ਆ ਕੇ ਆਪਣਾ ਅਪਰਾਧ ਕਬੂਲ ਨਹੀਂ ਕਰੇਗਾ ਤਾਂ ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ। ਕੁਝ ਦੇਰ ਦੇ ਲਈ ਸਾਰੇ ਸਹਿਮ ਗਏ। ਪਰ ਕਿਸੇ ਨੇ ਵੀ ਅੱਗੇ ਹੋ ਕੇ ਚੋਰੀ ਦੀ ਗੱਲ ਨੂੰ ਨਹੀਂ ਕਬੂਲਿਆ।

ਕੁਝ ਸਮੇਂ ਬਾਅਦ ਸ਼ੇਖ ਬੋਲਿਆ, ਹੁਣ ਮੇਰਾ ਗਧਾ ਚੋਰ ਨੂੰ ਲੱਭਣ ਵਿਚ ਮੇਰੀ ਮਦਦ ਕਰੇਗਾ। ਤੁਹਾਡੇ ਚੋਂ ਹਰ ਇਕ ਨੇ ਤੰਬੂ ਵਿਚ ਜਾ ਕੇ ਚੁਪਚਾਪ ਗਧੇ ਦੀ ਪੂਛ ਖਿਚਣੀ ਹੈ। ਜਿਹੜਾ ਵੀ ਚੋਰ ਹੋਵੇਗਾ ਉਸ ਵੱਲੋਂ ਪੂਛ ਖਿੱਚੀ ਜਾਣ ਤੇ ਗਧਾ ਜ਼ੋਰ ਨਾਲ ਹੀਂਗਣ ਲੱਗੇਗਾ। ਇਸ ਨਾਲ ਚੋਰ ਫੜ ਲਿਆ ਜਾਵੇਗਾ।

ਸ਼ੇਖ ਦੀ ਗੱਲ ਸੁਣ ਕੇ ਸਾਰੇ ਹੈਰਾਨੀ ਪ੍ਰਗਟ ਕਰਨ ਲੱਗੇ। ਭਲਾ ਗਧਾ ਚੋਰ ਨੂੰ ਕਿਵੇਂ ਪਛਾਣੇਗਾ। ਸਾਰੇ ਆਦਮੀ ਇਕ ਇਕ ਕਰ ਕੇ ਗਧੇ ਵਾਲੇ ਤੰਬੂ ਵਿਚ ਆ ਗਏ। ਉਸਦੀ ਪੂਛ ਨੂੰ ਖਿੱਚ ਕੇ ਵਾਪਸ ਆ ਗਏ। ਗਧਾ ਇਕ ਵਾਰ ਵੀ





ਨਹੀਂ ਹੀਂਗਿਆ। ਸਭ ਨੂੰ ਲੱਗਾ ਕਿ ਚੋਰ ਸ਼ਾਇਦ ਕਾਫਲੇ ਵਿਚ ਨਹੀਂ ਹੈ। ਸਾਰੇ ਸ਼ੇਖ ਦੇ ਸਾਹਮਣੇ ਜਾ ਕੇ ਖੜੇ ਹੋ ਗਏ।

ਸ਼ੇਖ ਨੇ ਗੰਭੀਰਤਾ ਨਾਲ ਕਿਹਾ – ਲੱਗਦਾ ਹੈ ਗਧਾ ਆਪਣੇ ਕੰਮ ਵਿਚ ਸਫਲ ਨਹੀਂ ਹੋ ਸਕਿਆ। ਇਸ ਲਈ ਹੁਣ ਮੈਂ ਤੁਹਾਡੇ ਚੋਂ ਹਰ ਆਦਮੀ ਨੂੰ ਸੁੰਘਾਂਗਾ ਅਤੇ ਚੋਰ ਲੱਭ ਲਵਾਂਗਾ। ਇਸ ਤੋਂ ਬਾਅਦ ਸ਼ੇਖ ਆਪਣੀ ਜਗ੍ਹਾ ਤੇ ਬੈਠ ਗਿਆ। ਕਾਫਲੇ ਦਾ ਹਰ ਆਦਮੀ ਉਸ ਦੇ ਕੋਲ ਆ ਕੇ ਖੜਾ ਰਹਿੰਦਾ ਤੇ ਚਲਾ ਜਾਂਦਾ। ਸ਼ੇਖ ਹਰ ਆਦਮੀ ਦੇ ਹੱਥਾਂ ਨੂੰ ਨਜ਼ਦੀਕ ਤੋਂ ਸੁੰਘਦਾ ਅਤੇ ਵਾਪਸ ਭੇਜ ਦਿੰਦਾ। ਇਸੇ ਤਰ੍ਹਾਂ ਇਕ ਆਦਮੀ ਦੇ ਹੱਥਾਂ ਨੂੰ ਸੁੰਘਦੇ ਹੋਏ ਸ਼ੇਖ ਨੂੰ ਗੁੱਸਾ ਆ ਗਿਆ। ਉਸ ਨੇ ਉਚੀ ਆਵਾਜ਼ ਵਿਚ ਕਿਹਾ – ਇਹੀ ਚੋਰ ਹੈ, ਇਸ ਨੂੰ ਲੈ ਜਾਉ ਅਤੇ ਉਸ ਸਮੇਂ ਤਕ ਕੋੜੇ ਮਾਰਦੇ ਰਹੋ ਜਦ ਤਕ ਇਹ ਮਰ ਨਾ ਜਾਵੇ।

ਅਸਲ ਵਿਚ ਉਹ ਆਦਮੀ ਚੋਰ ਹੀ ਸੀ। ਉਹ ਸ਼ੇਖ ਦੇ ਪੈਰਾਂ ਵਿਚ ਡਿੱਗ ਕੇ ਮਾਫੀ ਮੰਗਣ ਲੱਗਾ। ਸਾਰੇ ਸੋਚ ਰਹੇ ਸਨ। ਗਧੇ ਦੀ ਪੂਛ ਖਿਚਣ ਅਤੇ ਸੁੰਘਣ ਨਾਲ ਕਿਵੇਂ ਚੋਰ ਪਛਾਣਿਆ ਗਿਆ? ਇਹ ਗੱਲ ਬਾਕਰ ਦੀ ਸਮਝ ਵਿਚ ਵੀ ਨਹੀਂ ਆ ਰਹੀ ਸੀ ਪਰ ਚੋਰ ਨੂੰ ਰੋਂਦੇ ਚੀਖਦੇ ਅਤੇ ਮਾਫੀ ਮੰਗਦੇ ਵੇਖ ਕੇ ਉਸਦਾ ਦਿਲ ਪਸੀਜ ਗਿਆ।ਉਸ ਨੇ ਚੋਰ ਨੂੰ ਮਾਫ ਕਰਨ ਦੀ ਬੇਨਤੀ ਕੀਤੀ। ਸ਼ੇਖ ਨੇ ਉਸ ਚੋਰ ਨੂੰ ਮਾਫ ਕਰ ਦਿੱਤਾ।

ਜਦ ਕਾਫਲੇ ਦੇ ਸਾਰੇ ਲੋਕ ਆਪਣੀ-ਆਪਣੀ ਜਗ੍ਹਾ ਚਲੇ ਗਏ ਤਾਂ ਬਾਕਰ ਨੇ ਇਸ ਗੱਲ ਦਾ ਭੇਦ ਪੁੱਛਿਆ। ਸ਼ੇਖ ਨੇ ਮੁਸਕੁਰਾਉਂਦੇ ਹੋਏ ਕਿਹਾ – ਮੈਂ ਗਧੇ ਦੀ ਪੂਛ ਤੇ ਕਪੂਰ ਅਤੇ ਪੁਦੀਨੇ ਦਾ ਲੇਪ ਲਗਾ ਦਿੱਤਾ ਸੀ। ਸਾਰੇ ਲੋਕ ਗਧੇ ਦੀ ਪੂਛ ਖਿੱਚ ਕੇ ਆਏ ਤਾਂ ਉਹਨਾਂ ਦੇ ਹੱਥਾਂ ਤੋਂ ਕਪੂਰ ਤੇ ਪੁਦੀਨੇ ਦੀ ਮਹਿਕ ਆ ਰਹੀ ਸੀ ਪਰ ਜੋ ਆਦਮੀ ਚੋਰ ਸੀ ਉਸ ਨੇ ਫੜੇ ਜਾਣ ਦੇ ਡਰ ਕਾਰਨ ਗਧੇ ਦੀ ਪੂਛ ਨੂੰ ਹੱਥ ਹੀ ਨਹੀਂ ਲਗਾਇਆ ਸੀ। ਇਸ ਕਰਕੇ ਉਸ ਦੇ ਹੱਥਾਂ ਵਿਚੋਂ ਕਿਸੇ ਪ੍ਰਕਾਰ ਦੀ ਮਹਿਕ ਨਹੀਂ ਆ ਰਹੀ ਸੀ ਤੇ ਉਹ ਫੜਿਆ ਗਿਆ ਸੀ।

ਸ਼ੇਖ ਦੀ ਸੂਝ-ਬੂਝ ਤੇ ਬਾਕਰ ਹੈਰਾਨ ਰਹਿ ਗਿਆ।

❑ ਕੇ ਪੀ ਸਿੰਘ

# ਇਕ ਵਚਿੱਤਰ ਪੰਛੀ ਹੈ ਕੀਵੀ



ਕੀਵੀ ਇਕ ਵਚਿੱਤਰ ਪੰਛੀ ਹੈ। 'ਕੀਵੀ' ਸ਼ਬਦ ਕਿਸੇ ਭਾਸ਼ਾ ਦਾ ਸ਼ਬਦ ਨਹੀਂ ਹੈ। ਇਸ ਪੰਛੀ ਨੂੰ ਕੀਵੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਰਾਤ ਦੇ ਸਮੇਂ ਕੀਵੀ-ਕੀਵੀ ਦੀ ਅਵਾਜ਼ ਕੱਢਦਾ ਹੈ। ਇਸ ਲਈ ਇਸ ਨੂੰ ਆਮ ਬੋਲ-ਚਾਲ ਦੀ ਭਾਸ਼ਾ ਵਿਚ ਕੀਵੀ ਕਿਹਾ ਜਾਣ ਲੱਗਾ ਅਤੇ ਇਸ ਨੂੰ ਇਸੇ ਨਾਂ ਤੋਂ ਜਾਣਿਆ ਜਾਣ ਲੱਗਾ। ਇਹ ਰਾਤ ਦੇ ਸਮੇਂ ਸ਼ਿਕਾਰ ਦੀ ਖੋਜ ਵਿਚ ਨਿਕਲਦਾ ਹੈ ਅਤੇ ਇਸ ਦੌਰਾਨ ਇਸੇ ਤਰ੍ਹਾਂ ਦੀਆਂ ਆਵਾਜ਼ਾਂ ਕੱਢਦਾ ਹੈ।

ਕੀਵੀ ਸ਼ੁਤਰਮੁਰਗ ਨਾਲ ਮਿਲਦਾ-ਜੁਲਦਾ ਹੈ। ਇਹ ਨਿਊਜ਼ੀਲੈਂਡ ਦੇ ਜੰਗਲਾਂ ਵਿਚ ਪਾਇਆ ਜਾਂਦਾ ਹੈ ਅਤੇ ਉਥੋਂ ਦਾ ਰਾਸ਼ਟਰੀ ਪੰਛੀ ਵੀ ਹੈ। ਨਿਊਜ਼ੀਲੈਂਡ ਦੇ ਇਲਾਵਾ ਕਿਸੇ ਹੋਰ ਥਾਂ ਦੀ ਜਲਵਾਯੂ ਇਸ ਦੇ ਜੀਵਨ ਦੇ ਅਨੁਕੂਲ ਨਹੀਂ ਹੁੰਦੀ। ਇਹ ਹੀ ਕਾਰਣ ਹੈ ਕਿ ਇਹ ਦੁਨੀਆ ਦੇ ਕਿਸੇ ਵੀ ਚਿੜੀਆਘਰ ਵਿਚ ਨਹੀਂ ਪਾਏ ਜਾਂਦੇ। ਕੀਵੀ ਹਮੇਸ਼ਾ ਰੁੱਖਾਂ ਦੇ ਖੋਖਲੇ ਤਨੇ ਵਿਚ ਜਾਂ ਜਮੀਨ ਦੇ ਅੰਦਰ ਖੁੱਡ ਬਣਾ ਕੇ ਰਹਿੰਦੇ ਹਨ। ਕੀਵੀ ਜ਼ਿਆਦਾ ਉਚੱਾ ਨਹੀਂ ਉਡੱ ਸਕਦੇ। ਸ਼ੁਤਰਮੁਰਗ ਅਤੇ ਮੁਰਗੀ ਦੀ ਤਰ੍ਹਾਂ ਇਹ ਜ਼ਮੀਨ ਉਤੇ ਥੋੜੀ ਹੀ ਉਚੀ ਉਡੱ ਸਕਦੇ ਹਨ।

ਇਹਨਾਂ ਦੀ ਸੁਣਨ ਅਤੇ ਸੁੰਘਣ ਦੀ ਸ਼ਕਤੀ ਬਹੁਤ ਤੇਜ਼ ਹੁੰਦੀ ਹੈ, ਪਰ ਨਜ਼ਰ ਬਹੁਤ ਕਮਜ਼ੋਰ ਹੁੰਦੀ ਹੈ। ਇਹ ਦਿਨ ਵੇਲੇ ਕੇਵਲ ਇਕ ਫੁੱਟ ਦੂਰ ਅਤੇ ਰਾਤ ਵੇਲੇ ਛੇ ਫੁੱਟ ਦੂਰ ਦੀਆਂ ਚੀਜਾਂ ਨੂੰ ਹੀ ਵੇਖ ਸਕਦੇ ਹਨ। ਕੀਵੀ ਇਕੱਲੇ ਇਹੋ ਜਿਹੇ ਪੰਛੀ ਹਨ ਜਿਨ੍ਹਾਂ ਦੇ ਨਹੁੰ ਉਹਨਾਂ ਦੀ ਚੁੰਝ ਦੇ ਆਖਰੀ ਸਿਰੇ ਉਤੇ ਹੁੰਦੇ ਹਨ, ਜਿਨ੍ਹਾਂ ਦੁਆਰਾ ਉਹ ਆਪਣੇ ਸ਼ਿਕਾਰ ਨੂੰ ਜਮੀਨ ਵਿਚੋਂ ਲੱਭ ਲੈਂਦੇ ਹਨ। ਕੀਵੀ ਦੇ ਪੂਰੇ ਸ਼ਰੀਰ ਦੀ ਤੁਲਨਾ ਵਿਚ ਉਸਦਾ ਸਿਰ ਛੋਟਾ ਹੁੰਦਾ ਹੈ। ਉਸ ਦੇ ਸ਼ਰੀਰ ਉਤੇ ਘਣੇ ਵਾਲ ਹੁੰਦੇ ਹਨ ਜੋ ਉਸ ਨੂੰ ਦੁਸ਼ਮਣਾ ਤੋਂ ਬਚਾਉਂਦੇ ਹਨ। ਉਸ ਦੀ ਪੂਛ ਨਹੀਂ ਹੁੰਦੀ, ਉਸ ਦੀਆਂ ਲੱਤਾਂ ਮਜਬੂਤ ਸ਼ਰੀਰ ਦੇ ਪਿਛਲੇ ਭਾਗ ਨਾਲ ਜੁੜੀਆਂ ਹੁੰਦੀਆਂ ਹਨ। ਉਸ ਦੇ ਸਾਹਮਣੇ ਦੀਆਂ ਉਂਗਲਾਂ ਅਤੇ ਪਿੱਛੇ ਦੀਆਂ ਉਗਲਾਂ ਵਿਚ ਲੰਮੇ ਨਾਖੂਨ ਹੁੰਦੇ ਹਨ। ਉਸ ਦੇ ਪਿਛੇ ਦੀਆਂ ਉਂਗਲਾਂ ਛੋਟੀਆਂ ਅਤੇ ਪਿੱਛੇ ਮੁੜੀਆਂ ਹੁੰਦੀਆਂ ਹਨ। ਉਸ ਦੀਆਂ ਅੱਖਾਂ ਛੋਟੀਆਂ ਹੁੰਦੀਆਂ ਹਨ। ਫਲਾਂ ਦੇ ਬੀਜ ਇਹਨਾਂ ਦਾ ਮਨਪਸੰਦ ਭੋਜਨ ਹੁੰਦਾ ਹੈ।

ਇਹਨਾਂ ਦੀਆਂ ਕੁਝ ਇਹੋ ਜਿਹੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜੋ ਉਹਨਾਂ ਨੂੰ ਦੂਜੇ ਪੰਛੀਆਂ ਨਾਲੋਂ ਵੱਖ ਸਾਬਿਤ ਕਰਦੀਆਂ ਹਨ। ਕੀਵੀ ਪੰਛੀ ਜੋੜਾ ਬਣਾ ਕੇ ਰਹਿੰਦੇ ਹਨ। ਮੀਟਿੰਗ ਦੇ ਲਈ ਨਰ ਅਤੇ ਮਾਦਾ ਕੀਵੀ ਰਾਤ ਦੇ ਸਮੇਂ ਇਕ ਦੂਜੇ ਨੂੰ ਬੁਲਾਉਣ ਲਈ ਵੱਖ-ਵੱਖ ਤਰ੍ਹਾਂ ਦੀਆਂ ਆਵਾਜ਼ਾਂ ਕੱਢਦੇ ਹਨ। ਕਈ ਜੋੜੇ ਲਗਾਤਾਰ ਕਈ ਸਾਲਾਂ ਤਕ ਮਿਲ ਕੇ ਰਹਿੰਦੇ ਹਨ।

ਪੂਰੀ ਦੁਨੀਆ ਦੇ ਪੰਛੀਆਂ ਵਿਚ ਕੀਵੀ ਇਕ ਇਹੋ ਜਿਹਾ ਪੰਛੀ ਹੈ, ਜਿਸ ਦੀ ਮਾਦਾ ਆਪਣੇ ਆਕਾਰ ਨਾਲੋਂ ਵੀ ਵੱਡਾ ਅੰਡਾ ਦਿੰਦੀ ਹੈ। ਇਹ ਅੰਡਾ ਮਾਦਾ ਕੀਵੀ ਦੇ ਸ਼ਰੀਰ ਦੇ 20 ਪ੍ਰਤੀਸ਼ਤ ਹਿੱਸੇ ਵਿਚ ਰਹਿੰਦਾ ਹੈ। ਲਗਭਗ 80 ਦਿਨ ਤਕ ਅੰਡਾ ਸੇਕਣ ਤੋਂ ਬਾਅਦ ਅੰਡੇ ਦੇ ਆਕਾਰ ਦਾ ਬੱਚਾ ਅੰਡੇ ਨੂੰ ਖੁਦ ਤੋੜ ਕੇ ਬਾਹਰ ਨਿਕਲ ਆਉਂਦਾ ਹੈ। ਜਨਮ ਤੋਂ ਬਾਅਦ ਉਸ ਨੂੰ ਆਪਣਾ ਭੋਜਨ ਖੋਜਣਾ ਪੈਂਦਾ ਹੈ ਕਿਉਂਕਿ ਨਰ ਅਤੇ ਮਾਦਾ ਕੀਵੀ ਦੋਵੇਂ ਉਸ ਦੇ ਪਾਲਣ-ਪੋਸ਼ਣ ਵਿਚ ਕੋਈ ਭੂਮਿਕਾ ਨਹੀਂ ਨਿਭਾਉਂਦੇ। ਇਹੀ ਕਾਰਨ ਹੈ ਕਿ ਬੱਚਾ ਕੀਵੀ ਥੋੜੇ ਸਮੇ ਦੇ ਬਾਅਦ ਆਪਣੀਆਂ ਲੱਤਾਂ ਤੇ ਖੜੇ ਹੋਣਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਦੀ ਔਸਤ ਉਮਰ 20 ਸਾਲ ਹੁੰਦੀ ਹੈ, ਲੇਕਿਨ ਜੇਕਰ ਇਹਨਾਂ ਦੇ ਰਹਿਣ ਦੀਆਂ ਸਥਿਤੀਆਂ ਅਨੁਕੂਲ ਹੋਣ ਤਾਂ ਇਹ 40 ਤੋਂ 45 ਸਾਲ ਵੀ ਜੀਉਂਦੇ ਹਨ। ●



# ਹਾਸਾ ਖੇਡਾ


ਮਾਂ - ਬੇਟਾ ਜ਼ਰਾ ਵੇਖੀਂ ਦੁੱਧ ਰਿੱਝ ਕੇ ਬਾਹਰ ਤਾਂ ਨਹੀਂ ਆ ਰਿਹਾ?
ਬੇਟਾ - ਮਾਂ ਆਪ ਚਿੰਤਾ ਨਾ ਕਰੋ ਮੈਂ ਰਸੋਈ ਦੇ ਦਰਵਾਜ਼ੇ ਨੂੰ ਕੁੰਡੀ ਲਾ ਦਿੱਤੀ ਹੈ।

- - - - -

ਪਤੀ - (ਪਤਨੀ ਨੂੰ) ਸਵੇਰੇ-ਸਵੇਰੇ ਕਿੱਧਰ ਜਾ ਰਹੀਂ ਹੈ?
ਪਤਨੀ - ਗਵਾਂਢਣ ਨਾਲ ਝਗੜਾ ਕਰਨ।
ਪਤੀ - ਕੱਲ ਤਾਂ ਝਗੜਾ ਕਰਕੇ ਆਈ ਸੀ।
ਪਤਨੀ - ਕੱਲ ਸੇਮੀਫਾਈਨਲ ਸੀ ਅੱਜ ਫਾਈਨਲ ਹੈ।

- ਪ੍ਰਤੀਕਸ਼ਾ ਕੁਸ਼ਵਾਹਾ

- - - - -



ਲੜਕੀ ਦਾ ਪਿਤਾ : (ਗੁੱਸੇ ਵਿਚ) ਤੇਰੀ ਐਨੀ ਹਿੰਮਤ ਤੂੰ ਮੇਰੀ ਬੇਟੀ ਨਾਲ ਵਿਆਹ ਕਰਨਾ ਚਾਹੁੰਦਾ ਹੈ। ਆਪਣੇ ਆਪ ਨੂੰ ਕਦੇ ਸ਼ੀਸ਼ੇ ਵਿਚ ਵੇਖਿਆ ਹੈ। ਤੂੰ ਉਸ ਦੇ ਇਕ ਟਾਈਮ ਨਾਸ਼ਤੇ ਦਾ ਬਿੱਲ ਵੀ ਨਹੀਂ ਚੁਕਾ ਸਕਦਾ।
ਲੜਕਾ : ਕੀ ਉਹ ਐਨਾ ਜਿਆਦਾ ਖਾਂਦੀ ਹੈ। ਫਿਰ ਤਾਂ ਰਹਿਣ ਹੀ ਦਿਓ।

- ਰਾਮਖੇਲਾਵਨ

- - - - -

ਮਾਲਕਿਨ - ਮੈ ਚੰਗੀ ਭਲੀ ਸੌਂ ਰਹੀ ਸੀ। ਤੂੰ ਮੈਨੂੰ ਉਠਾਇਆ ਕਿਉਂ?
ਨੌਕਰਾਣੀ - ਮੈਂ ਤੁਹਾਨੂੰ ਨੀਂਦ ਦੀ ਗੋਲੀ ਦੇਣਾ ਭੁੱਲ ਗਈ ਸੀ।

- - - - -

ਦੀਪਾ : ਇਕ ਛੋਟੀ ਜਿਹੀ ਛਤਰੀ ਹੇਠਾਂ ਪੰਜ ਆਦਮੀ ਖੜੇ ਸਨ ਪਰ ਕੋਈ ਵੀ ਨਹੀ ਭਿੱਜਿਆ।
ਅਮਰਜੀਤ : ਇੰਝ ਕਿਵੇਂ ਹੋ ਸਕਦਾ ਹੈ।
ਦੀਪਾ : ਕਿਉਂਕਿ ਮੀਂਹ ਨਹੀ ਸੀ ਪੈ ਰਿਹਾ।


- ਵਿਕਰਮ ਧਵਨ

- - - - -

ਮਾਸਟਰ - ਇਹ ਕਿਤਾਬ ਕਿਸ ਦੀ ਹੈ?
ਵਿਦਿਆਰਥੀ - ਸਰ ! ਕਾਗਜ਼ ਦੀ।
ਮਾਸਟਰ - ਇਹ ਤਾਂ ਮੈਨੂੰ ਪਤਾ ਹੈ।
ਵਿਦਿਆਰਥੀ - ਫਿਰ ਪੁੱਛ ਕਿਉਂ ਰਹੇ ਹੋ?

- ਅਮਿਤ ਨਰੂਲਾ

- - - - -



ਸ਼ੇਰੂ (ਚੱਕੀ ਵਾਲੇ ਨੂੰ) - ਕਿਉਂ ਭਾਈ ਆਟਾ ਪੀਸ ਦਿਉਗੇ?
ਚੱਕੀ ਵਾਲਾ - ਮਾਫ ਕਰਨਾ, ਅਸੀਂ ਆਟਾ ਨਹੀਂ ਪੀਸਦੇ, ਕਣਕ ਪੀਸਦੇ ਹਾਂ।

- ਮੰਗਾ ਸਿੰਘ ਤੁੰਗ

- - - -

ਡਾਕਟਰ (ਬਾਤੂਨੀ ਔਰਤ ਨੂੰ) - ਤੁਹਾਨੂੰ ਕੋਈ ਬੀਮਾਰੀ ਨਹੀ ਹੈ। ਬਸ ਅਰਾਮ ਦੀ ਲੋੜ ਹੈ।
ਔਰਤ - ਪਰ ਮੇਰੀ ਜ਼ੁਬਾਨ ਤਾਂ ਵੇਖੋ।
ਡਾਕਟਰ - ਇਸ ਨੂੰ ਵੀ ਅਰਾਮ ਦੀ ਲੋੜ ਹੈ।

- ਗੁਰਵਿੰਦਰ ਬੁਟਰ

- - - -

ਮਹਿਲਾ ਡਾਕਟਰ - ਤੂੰ ਰੋਜ਼ ਸਵੇਰੇ ਕਲੀਨਿਕ ਦੇ ਬਾਹਰ ਖੜਾ ਹੋ ਕੇ ਔਰਤਾਂ ਨੂੰ ਕਿਉਂ ਘੂਰਦਾ ਰਹਿੰਦਾ ਹੈ?
ਪਰਵੀਨ - ਜੀ ਤੁਸੀਂ ਹੀ ਤਾਂ ਬਾਹਰ ਲਿਖਿਆ ਹੈ ਔਰਤਾਂ ਨੂੰ ਦੇਖਣ ਦਾ ਸਮਾਂ ਸਵੇਰੇ 9 ਤੋਂ 11 ਵਜੇ ਤੱਕ।

- - - - -

ਮੈਨੇਜਰ (ਚਪੜਾਸੀ ਨੂੰ) ਜੇ ਮੈਂ ਤੇਰੀ ਅਤੇ ਤੂੰ ਮੇਰੀ ਥਾਂ ਤੇ ਹੋਵੇਂ ਤਾਂ ਤੂੰ ਕੀ ਕਰੇਂਗਾ?
ਚਪੜਾਸੀ (ਛੇਤੀ ਨਾਲ) ਮੈਂ ਫੌਰਨ ਅਪਣੇ ਚਪੜਾਸੀ ਨੂੰ ਬਦਲ ਦੇਵਾਂਗਾ।

- - - -


ਇਕ ਆਦਮੀ ਆਪਣੀ ਬੀਮਾਰ ਪਤਨੀ ਕੋਲ ਬੈਠਾ ਸੀ। ਦਸ ਸਾਲ ਤੱਕ ਦੋਵੇਂ ਇੱਕਠੇ ਰਹੇ ਪਰ ਹੁਣ ਲੱਗਦਾ ਸੀ ਕਿ ਸਾਥ ਛੁੱਟਣ ਵਾਲਾ ਹੈ ਕਿਉਂਕਿ ਬੀਮਾਰੀ ਬਹੁਤ ਜਾਨ-ਲੇਵਾ ਸੀ। ਪਤਨੀ ਨੇ ਅੱਖਾਂ ਵਿੱਚ ਹੰਝੂ ਭਰ ਕੇ ਆਪਣੇ ਪਤੀ ਵੱਲ ਦੇਖਦਿਆਂ ਕਿਹਾ - ਮੈਂ ਤੁਹਾਡੇ ਤੋਂ ਇਕ ਵਚਨ ਲੈਣਾ ਚਾਹੁੰਦੀ ਹਾਂ, ਜੇ ਮੈਂ ਮਰ ਜਾਵਾਂ ਤਾ ਤੁਸੀਂ ਆਪਣੀ ਦੂਜੀ ਪਤਨੀ ਨੂੰ ਮੇਰੇ ਕਪੜੇ ਨਹੀਂ ਪਾਉਣ ਦਿਉਗੇ।

ਮੈਂ ਵਚਨ ਦਿੰਦਾ ਹਾਂ ਕਿ ਦੂਜੀ ਪਤਨੀ ਤੇਰੇ ਇਨ੍ਹਾਂ ਕਪੜਿਆਂ ਨੂੰ ਹੱਥ ਵੀ ਨਹੀਂ ਲਾਵੇਗੀ ਉਂਝ ਵੀ ਇਹ ਕਪੜੇ ਉਸ ਦੇ ਸਰੀਰ ਤੇ ਫਿੱਟ ਵੀ ਤਾਂ ਨਹੀਂ ਹੋਣੇ।


- ਗੁਰਚਰਨ ਆਨੰਦ

- - - -





# ਕਰੀਏ ਕਿਤਾਬਾਂ ਨਾਲ ਪਿਆਰ ਦੋਸਤੋ



ਕਿਤਾਬਾਂ ਨੇ ਗਿਆਨ ਦਾ ਭੰਡਾਰ ਦੋਸਤੋ।
ਕਰੀਏ ਕਿਤਾਬਾਂ ਨਾਲ ਪਿਆਰ ਦੋਸਤੋ।

ਪਿਆਰ ਨਾਲ ਟੀਚਰ ਪੜਾਉਂਦੇ ਨੇ ਜਦੋਂ,
ਵਿਦਿਆ ਦਾ ਹੁੰਦਾ ਪ੍ਰਚਾਰ ਦੋਸਤੋ।

ਉਚੇ-ਉਚੇ ਅਹੁਦਿਆਂ ਤੇ ਬੈਠੇ ਅੱਜ ਨੇ,
ਕੀਤਾ ਹੈ ਕਿਤਾਬਾਂ ਉਪਕਾਰ ਦੋਸਤੋ।

ਇੱਕ-ਇੱਕ ਸ਼ਬਦ ਜਦੋਂ ਉਤਰੇ ਦਿਮਾਗ ਚ,
ਵਾਹਵਾ ਭਰ ਜਾਂਦਾ ਹੈ ਭੰਡਾਰ ਦੋਸਤੋ।

ਨੈਤਿਕਤਾ ਦੇ ਗੁਣਾਂ ਨਾਲ ਭਰਪੂਰ ਨੇ,
ਦਿੰਦੀਆਂ ਨੇ ਜੀਵਨ ਸ਼ਿੰਗਾਰ ਦੋਸਤੋ।

ਸੇਧ ਅਧਿਆਤਮ ਦੀ ਲੈ ਇਨ੍ਹਾਂ ਚੋ,
ਚੰਗਾ ਇਨਸਾਨ ਹੁੰਦਾ ਤਿਆਰ ਦੋਸਤੋ।

ਪੜ੍ਹਦੇ ਜੋ ਰਹਿੰਦੇ ਕਰਦੇ ਤਰੱਕੀਆਂ,
ਜ਼ਿੰਦਗੀ ਚ ਸਕਦੇ ਨਹੀਂ ਹਾਰ ਦੋਸਤੋ।

ਸਫਲਤਾ ਦੀ ਪੌੜੀ ਚੰਗੀਆਂ ਕਿਤਾਬਾਂ ਨੇ
ਪੜੀਏ 'ਚਮਨ' ਵਾਰ-ਵਾਰ ਦੋਸਤੋ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉੱਤਰ 'ਸ਼' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

1) ਭਾਰਤ ਦੇ ਕਿਸ ਰਾਜ ਦੀ ਰਾਜਧਾਨੀ ਸ਼ਿਮਲਾ ਹੈ?
2) ਭਗਵਾਨ ਸ੍ਰੀ ਰਾਮ ਦੇ ਵੰਸ਼ ਦਾ ਕੀ ਨਾਂ ਸੀ?
3) ਉੱਤਰਾਖੰਡ ਰਾਜ ਪਹਿਲਾਂ ਕਿਸ ਰਾਜ ਦਾ ਹਿੱਸਾ ਸੀ?
4) ਸੰਨ 1971 ਵਿਚ ਭਾਰਤ ਪਾਕਿਸਤਾਨ ਯੁੱਧ ਤੋਂ ਬਾਅਦ ਕਿਹੜੇ ਨਵੇਂ ਦੇਸ਼ ਦਾ ਨਿਰਮਾਣ ਹੋਇਆ?
5) ਪ੍ਰਸਿੱਧ ਝੂਲਾ ਪੁਲ ''ਲਛਮਣ ਝੂਲਾ'' ਕਿਹੜੇ ਸ਼ਹਿਰ ਵਿਚ ਹੈ?
6) ਰਜ਼ੀਆ ਸੁਲਤਾਨ ਕਿਸ ਮੁਸਲਮਾਨ ਸ਼ਾਸਕ ਦੀ ਬੇਟੀ ਸੀ?
7) ਭਾਰਤ ਦੇ ਕਿਹੜੇ ਰਾਜ ਦਾ ਪੁਰਾਣਾ ਨਾਂ 'ਨਾਰਥ ਈਸਟ ਫਰੰਟੀਅਰ ਏਜੰਸੀ' ਸੀ?
8) ਭਗਵਾਨ ਸ਼ਿਵ ਜੀ ਦੇ ਕਿਹੜੇ ਪੁੱਤਰ ਦਾ ਸਿਰ ਹਾਥੀ ਦਾ ਸੀ?
9) ਕਿਸ ਭਾਰਤੀ ਰਾਜ ਦੀ ਮੁੱਖ ਭਾਸ਼ਾ ਤੇਲਗੂ ਹੈ?
10) ਪ੍ਰਸਿੱਧ ਪਿਕਨਿਕ ਸਥਾਨ ਚੰਬਾ ਤੇ ਡਲਹੌਜੀ ਭਾਰਤ ਦੇ ਕਿਸ ਰਾਜ ਵਿਚ ਹਨ?
11) ਕਿਸ ਦੇਸ਼ ਦੀ ਸੰਸਦ ਦਾ ਨਾਂ 'ਜਾਤੀ ਸੰਸਦ' ਹੈ?
12) ਭੋਪਾਲ ਭਾਰਤ ਦੇ ਕਿਹੜੇ ਰਾਜ ਦੀ ਰਾਜਧਾਨੀ ਹੈ?
13) ਸਰਵਸ਼੍ਰੇਸ਼ਠ ਗਾਇਕ ਦਾ ਪਹਿਲਾ ਫਿਲਮ ਫੇਅਰ ਪੁਰਸਕਾਰ 1962 ਵਿਚ ਫਿਲਮ 'ਅਨਾੜੀ' ਵਾਸਤੇ ਕਿਸ ਗਾਇਕ ਨੂੰ ਮਿਲਿਆ ਸੀ?
14) ਕਿਸ ਭਾਰਤੀ ਪ੍ਰਦੇਸ਼ ਵਿਚ ਸਭ ਤੋਂ ਜ਼ਿਆਦਾ 80 ਲੋਕਸਭਾ ਖੇਤਰ ਹਨ?
15) ਕਿਸ ਪਰਬਤ ਉਤੇ ਭਗਵਾਨ ਸ਼ਿਵ ਜੀ ਦਾ ਨਿਵਾਸ ਮੰਨਿਆ ਜਾਂਦਾ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ




ਵਾਹ ! ਇਥੇ ਕਿੰਨਾ ਵਧੀਆ ਮੌਸਮ ਹੈ।
ਦੁਪਹਿਰ ਬਾਅਦ ...
ਕੀ ਕਿੱਟੀ ਤੁਹਾਡੇ ਘਰ ਆਈ ਹੈ?
ਨਹੀਂ ! ਉਹ ਸਾਡੇ ਘਰ ਨਹੀਂ ਆਈ।
ਸ਼ਾਮ ਨੂੰ ...
ਵੇਖੋ ! ਕਿੱਟੀ ਪੁੱਤਰ ! ਮੈਂ ਤੇਰੇ ਲਈ ਕੀ ਲਿਆਇਆ ਹਾਂ।


ਕਿੱਟੀ ਸਵੇਰੇ ਬਜ਼ਾਰ ਗਈ ਸੀ ਅਜੇ ਤਕ ਵਾਪਸ ਨਹੀਂ ਆਈ ਹੈ ਪਤਾ ਨਹੀਂ ਕਿੱਥੇ ਹੋਏਗੀ?
ਅਸੀਂ ਸਾਰੇ ਕਿੱਟੀ ਨੂੰ ਲੱਭਣ ਜਾਂਦੇ ਹਾਂ।
ਚਲੋ ਸਾਰੇ ਉਸ ਨੂੰ ਲੱਭਣ ਚਲੀਏ।
ਕਿਉਂ ਨਾ ਅਸੀਂ ਸਾਰੇ ਵੱਖ ਵੱਖ ਜਗ੍ਹਾ ਤੇ ਕਿੱਟੀ ਨੂੰ ਲੱਭੀਏ?
ਕਿੱਟੀ ਪੁੱਤਰ ! ਕੀ ਹੋਇਆ ਤੂੰ ਇਥੇ ਕੀ ਕਰ ਰਹੀ ਹੈ?


ਕਿੱਟੀ ! ਤੂੰ ਏਥੇ ਬੈਠੀ ਹੈ ਅਸੀਂ ਸਾਰੇ ਤੇਰੇ ਲਈ ਪਰੇਸ਼ਾਨ ਹੋ ਰਹੇ ਸੀ? ਤੂੰ ਇਥੇ ਕਿਉਂ ਬੈਠੀ ਹੈ?
ਪਾਪਾ ! ਮੈਂ ਅਜੇ ਘਰ ਨਹੀਂ ਜਾਣਾ।
ਪਰ ਕਿਉਂ? ਤੇਰੀ ਮੰਮੀ ਤੇਰੇ ਤੋਂ ਕੰਮ ਕਰਾਉਂਦੀ ਹੈ, ਇਸ ਲਈ?
ਬੇਟਾ, ਮੰਮੀ ਪਾਪਾ ਬੱਚਿਆਂ ਨੂੰ ਕੰਮ ਸਿਖਾਉਣ ਲਈ ਕੰਮ ਕਰਵਾਉਂਦੇ ਹਨ ਤਾਂ ਕਿ ਭਵਿਖ ਵਿਚ ਉਹ ਆਪਣੇ ਪੈਰਾਂ ਉਤੇ ਖੜੇ ਹੋ ਸਕਣ।
ਮੰਮੀ ! ਮੈਨੂੰ ਮਾਫ ਕਰ ਦਿਓ! ਅੱਜ ਤੋਂ ਬਾਅਦ ਇਸ ਤਰ੍ਹਾਂ ਦੀ ਗਲਤੀ ਨਹੀਂ ਹੋਵੇਗੀ। ਮੈਂ ਤੁਹਾਡੀਆਂ ਸਾਰੀਆਂ ਗੱਲਾਂ ਮੰਨਾਂਗੀ।



❑ ਨਿਰਮਲ ਪ੍ਰੇਮੀ


# ਦੋ ਗੁਲਾਮ

ਇਕ ਬਾਦਸ਼ਾਹ ਨੇ ਦੋ ਗੁਲਾਮ ਸਸਤੇ ਭਾਅ ਵਿਚ ਖਰੀਦੇ। ਉਸ ਨੇ ਪਹਿਲੇ ਨਾਲ ਗਲਬਾਤ ਕੀਤੀ ਤਾਂ ਉਹ ਗੁਲਾਮ ਬੜਾ ਹੀ ਬੁੱਧੀਮਾਨ ਅਤੇ ਮਿੱਠਾ ਬੋਲਣ ਵਾਲਾ ਲੱਗਾ। ਬਾਦਸ਼ਾਹ ਨੇ ਦੂਸਰੇ ਨੂੰ ਕੋਲ ਸੱਦ ਕੇ ਦੇਖਿਆ ਤਾਂ ਬਾਦਸ਼ਾਹ ਨੂੰ ਲੱਗਾ ਕਿ ਇਹ ਬਹੁਤ ਬਦਸੂਰਤ ਅਤੇ ਗੰਦਾ ਹੈ। ਬਾਦਸ਼ਾਹ ਇਸ ਦੇ ਚਿਹਰੇ ਨੂੰ ਦੇਖ ਕੇ ਖੁਸ਼ ਨਹੀਂ ਹੋਇਆ ਪਰ ਉਸ ਦੀ ਯੋਗਤਾ ਅਤੇ ਗੁਣਾਂ ਦੀ ਜਾਂਚ ਕਰਨ ਲੱਗਾ। ਬਾਦਸ਼ਾਹ ਨੇ ਪਹਿਲੇ ਗੁਲਾਮ ਨੂੰ ਨਹਾ ਧੋ ਕੇ ਆਉਣ ਲਈ ਕਿਹਾ ਅਤੇ ਦੂਸਰੇ ਨੂੰ ਕਿਹਾ ਤੁਸੀਂ ਆਪਣੇ ਬਾਰੇ ਕੁਝ ਦੱਸੋ। ਤੁਸੀਂ ਇਕੱਲੇ ਹੀ ਸੌ ਗੁਲਾਮਾਂ ਦੇ ਬਰਾਬਰ ਹੋ। ਤੁਹਾਨੂੰ ਵੇਖ ਕੇ ਉਨ੍ਹਾਂ ਗੱਲਾਂ ਤੇ ਯਕੀਨ ਨਹੀਂ ਹੁੰਦਾ ਜਿਹੜੀਆਂ ਤੁਹਾਡੇ ਸਾਥੀ ਨੇ ਤੁਹਾਡੀ ਪਿੱਠ ਪਿੱਛੇ ਦੱਸੀਆਂ ਹਨ।

ਗੁਲਾਮ ਨੇ ਜੁਆਬ ਦਿੱਤਾ – ਜੇਕਰ ਉਸ ਨੇ ਮੇਰੇ ਬਾਰੇ ਵਿਚ ਕੁਝ ਕਿਹਾ ਹੈ ਤਾਂ ਸੱਚ ਹੀ ਕਿਹਾ ਹੋਵੇਗਾ। ਇਹ ਬੜਾ ਸੱਚਾ ਆਦਮੀ ਹੈ ਇਸ ਨਾਲੋਂ ਵੱਧ ਭਲਾ ਆਦਮੀ ਮੈਂ ਕੋਈ ਹੋਰ ਨਹੀਂ ਦੇਖਿਆ। ਇਹ ਹਮੇਸ਼ਾ ਸੱਚ ਬੋਲਦਾ ਹੈ। ਇਸ ਲਈ ਇਸ ਨੇ ਮੇਰੇ ਬਾਰੇ ਵਿਚ ਕਿਹਾ ਹੈ ਜੇਕਰ ਉਹੋ ਜਿਹਾ ਹੀ ਮੈਂ ਇਸਦੇ ਬਾਰੇ ਕਹਾਂ ਤਾਂ ਝੂਠਾ ਦੋਸ਼ ਲਗਾਉਣਾ ਹੋਵੇਗਾ। ਮੈਂ ਇਸ ਭਲੇ ਆਦਮੀ ਦੀ ਬੁਰਾਈ ਨਹੀਂ ਕਰਾਂਗਾ। ਇਸ ਨਾਲੋਂ ਤਾਂ ਇਹੀ ਚੰਗਾ ਹੈ ਕਿ ਮੈਂ ਆਪਣੇ ਆਪ ਨੂੰ ਹੀ ਦੋਸ਼ੀ ਮੰਨ ਲਵਾਂ। ਬਾਦਸ਼ਾਹ ਸਲਾਮਤ ਹੋ ਸਕਦਾ ਹੈ ਕਿ ਉਹ ਜਿਹੜੇ ਐਬ ਮੇਰੇ ਵਿਚ ਦੇਖਦਾ ਹੈ ਉਹ ਮੈਨੂੰ ਖੁਦ ਨੂੰ ਨਾ ਦਿੱਸਦੇ ਹੋਣ।

ਬਾਦਸ਼ਾਹ ਨੇ ਕਿਹਾ – ਮੈਂ ਤਾਂ ਚਾਹੁੰਦਾ ਹਾਂ ਤੁਸੀਂ ਵੀ ਇਸ ਦੀਆਂ ਕਮੀਆਂ ਨੂੰ ਉਸੇ ਤਰ੍ਹਾਂ ਬਿਆਨ ਕਰੋ ਜਿਵੇਂ ਇਸ ਨੇ ਤੇਰੀਆਂ ਕਮੀਆਂ ਨੂੰ ਬਿਆਨ ਕੀਤਾ ਹੈ। ਜਿਸ ਨਾਲ ਮੈਨੂੰ ਇਸ ਗਲ ਦਾ ਯਕੀਨ ਹੋ ਜਾਵੇ ਕਿ ਤੁਸੀਂ ਮੇਰੀ ਖੁਸ਼ੀ ਅਤੇ ਸਲਾਮਤੀ ਚਾਹੁੰਦੇ ਹੋ ਅਤੇ ਮੁਲਕ ਨੂੰ ਚਲਾਉਣ ਵਿਚ ਮੇਰੇ ਕੰਮ ਆ ਸਕਦੇ ਹੋ।

ਗੁਲਾਮ ਬੋਲਿਆ – ਬਾਦਸ਼ਾਹ ਸਲਾਮਤ ਇਸ ਗੁਲਾਮ ਵਿਚ ਸਾਦਗੀ ਅਤੇ ਸੱਚਾਈ ਹੈ। ਬਹਾਦਰੀ ਅਤੇ ਦਰਿਆਦਿਲੀ ਵੀ ਇਹੋ ਜਿਹੀ ਹੈ ਕਿ ਮੌਕਾ ਪੈਣ ਤੇ ਜਾਨ ਤਕ ਕੁਰਬਾਨ ਕਰ ਸਕਦਾ ਹੈ। ਉਹ ਘਮੰਡੀ ਨਹੀਂ ਹੈ ਅਤੇ ਆਪਣੀਆਂ ਗਲਤੀਆਂ ਨੂੰ ਖੁਦ ਹੀ ਜ਼ਾਹਿਰ ਕਰ ਦਿੰਦਾ ਹੈ। ਆਪਣੀਆਂ ਗਲਤੀਆਂ ਨੂੰ ਸਾਹਮਣੇ ਲਿਆਉਣਾ ਅਤੇ ਐਬ




ਲੱਭਣਾ ਹਾਲਾਂਕਿ ਬੁਰਾ ਹੈ, ਤਾਂ ਵੀ ਉਹ ਦੂਸਰੇ ਲੋਕਾਂ ਦੇ ਲਈ ਚੰਗਾ ਹੀ ਹੈ।

ਬਾਦਸ਼ਾਹ ਨੇ ਕਿਹਾ - ਆਪਣੇ ਦੋਸਤ ਦੀ ਤਾਰੀਫ ਵਿਚ ਵਾਧਾ ਨਾ ਕਰੋ ਅਤੇ ਦੂਸਰੇ ਦੀ ਤਾਰੀਫ ਕਰ ਕੇ ਖੁਦ ਨੂੰ ਤਾਰੀਫ ਦੇ ਕਾਬਿਲ ਨਾ ਬਣਾਉ, ਕਿਉਂਕਿ ਜੇਕਰ ਮੈਂ ਤੁਹਾਡਾ ਇਮਤਿਹਾਨ ਲੈਣ ਦੇ ਲਈ ਉਸ ਨੂੰ ਸੱਦ ਲਿਆ, ਤਾਂ ਤੁਹਾਨੂੰ ਸ਼ਰਮਿੰਦਾ ਹੋਣਾ ਪਏਗਾ।

ਇਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਕਰ ਕੇ ਬਾਦਸ਼ਾਹ ਨੇ ਉਸ ਬਦਸੂਰਤ ਗੁਲਾਮ ਦੀ ਚੰਗੀ ਤਰ੍ਹਾਂ ਪਰੀਖਿਆ ਲੈ ਲਈ ਅਤੇ ਜਦ ਪਹਿਲਾ ਗੁਲਾਮ ਇਸ਼ਨਾਨ ਕਰਕੇ ਬਾਹਰ ਆਇਆ ਤਾਂ ਉਸ ਦੇ ਰੂਪ ਅਤੇ ਗੁਣਾਂ ਦੀ ਪ੍ਰਸ਼ੰਸ਼ਾ ਕਰ ਕੇ ਕਿਹਾ - ਪਤਾ ਨਹੀਂ ਤੁਹਾਡੇ ਸਾਥੀ ਨੂੰ ਕੀ ਹੋ ਗਿਆ ਸੀ ਕਿ ਇਸ ਨੇ ਪਿੱਠ ਪਿੱਛੇ ਤੇਰੀ ਬਹੁਤ ਬੁਰਾਈ ਕੀਤੀ।

ਸੁੰਦਰ ਗੁਲਾਮ ਨੇ ਖਿੱਝ ਕੇ ਕਿਹਾ - ਬਾਦਸ਼ਾਹ ਸਲਾਮਤ , ਇਸ ਨਾਮੁਰਾਦ ਨੇ ਮੇਰੇ ਬਾਰੇ ਜੋ ਕੁਝ ਕਿਹਾ, ਜ਼ਰਾ ਮੈਨੂੰ ਦੱਸੋ। ਬਾਦਸ਼ਾਹ ਨੇ ਕਿਹਾ - ਸਭ ਤੋਂ ਪਹਿਲਾਂ ਇਸ ਨੇ ਤੁਹਾਡੇ ਦੋਗਲੇਪਣ ਦਾ ਜ਼ਿਕਰ ਕੀਤਾ ਕਿ ਤੁਸੀਂ ਸਾਹਮਣੇ ਤਾਂ ਦਵਾ ਹੋ, ਪਰ ਪਿੱਠ ਪਿੱਛੇ ਦਰਦ ਹੋ।

ਜਦ ਉਸ ਨੇ ਬਾਦਸ਼ਾਹ ਦੇ ਮੂੰਹੋ ਇਹ ਲਫਜ਼ ਸੁਣੇ ਤਾਂ ਉਸ ਦਾ ਪਾਰਾ ਚੜ੍ਹ ਗਿਆ। ਉਹ ਬਦਸੂਰਤ ਗੁਲਾਮ ਦੀਆਂ ਬੁਰਾਈਆਂ ਕਰਦਾ ਹੀ ਗਿਆ ਤਾਂ ਬਾਦਸ਼ਾਹ ਨੇ ਉਸ ਦੇ ਬੁੱਲਾਂ ਤੇ ਹੱਥ ਰਖ ਦਿੱਤਾ ਅਤੇ ਕਿਹਾ - ਬਸ ਕਰ ਹੱਦ ਹੋ ਗਈ। ਉਸ ਦਾ ਤਾਂ ਸਿਰਫ ਸ਼ਰੀਰ ਹੀ ਗੰਦਾ ਹੈ, ਪਰ ਤੇਰੀ ਤਾਂ ਰੂਹ ਵੀ ਗੰਦੀ ਹੈ। ਤੇਰੇ ਲਈ ਤਾਂ ਇਹੀ ਸਹੀ ਹੈ ਕਿ ਤੂੰ ਉਸ ਦੀ ਗੁਲਾਮੀ ਕਰੇਂ।



❑ ਡਾ. ਅਸ਼ੋਕ ਭਾਰਦਵਾਜ

# ਮੱਛੀਆਂ ਕਿਵੇਂ ਰੰਗ ਬਦਲਦੀਆਂ ਹਨ?



**ਹਮੇਸ਼ਾ** ਵੇਖਿਆ ਗਿਆ ਹੈ ਕਿ ਹੋਰ ਪ੍ਰਾਣੀਆਂ ਦੀ ਬਜਾਏ ਮੱਛੀਆਂ ਵਿਚ ਜ਼ਿਆਦਾ ਚਟਕੀਲੇ ਰੰਗ ਦਿਸਦੇ ਹਨ। ਮੱਛੀਆਂ ਦੇ ਰੰਗ ਕ੍ਰੋਮੈਟੋਫੋਰਸ ਕੋਸ਼ਿਕਾਵਾਂ ਦੇ ਕਾਰਣ ਜਿਆਦਾ ਚਟਕੀਲੇ ਵਿਖਾਈ ਦਿੰਦੇ ਹਨ। ਡਰਮਿਸ ਵਿਚ ਕੋਮੈਟੋਫੋਰਸ ਦੀ ਉਤਪੱਤੀ ਨਿਯੂਰਲ ਕ੍ਰਿਸਟ ਸੈਲਸ ਨਾਲ ਹੁੰਦੀ ਹੈ। ਇਹਨਾਂ ਵਿਚ ਵਰਣਕ ਹੁੰਦੇ ਹਨ, ਜੋ ਨ ਕੇਵਲ ਰੰਗਾਂ ਨੂੰ ਜਨਮ ਦਿੰਦੇ ਹਨ ਬਲਕਿ ਰੰਗਾਂ ਦੇ ਪ੍ਰਕਾਰ ਵੀ ਬਣਾਉਂਦੇ ਹਨ। ਮੱਛੀਆਂ ਦੀ ਡਰਮਿਸ ਵਿਚ ਗਵਾਨੀਨਧਰ ਕੋਸ਼ਿਕਾਵਾਂ ਵੀ ਹੁੰਦੀਆਂ ਹਨ। ਉਹਨਾਂ ਵਿਚ ਵਰਣਕ ਨਹੀਂ ਹੁੰਦਾ ਬਲਕਿ ਗਵਾਨਿਨ ਦੇ ਕ੍ਰਿਸਟਲ ਹੁੰਦੇ ਹਨ। ਇਹ ਡਰਮਿਸ ਵਿਚ ਪਈਆਂ ਹੁੰਦੀਆਂ ਹਨ ਅਤੇ ਰੰਗ ਪੈਦਾ ਕਰਦੀਆਂ ਹਨ। ਕ੍ਰੋਮੈਟੋਫੋਰਸ ਵਿਚ ਭੂਰਾ ਜਾਂ ਕਾਲਾ ਵਰਣਕ ਹੁੰਦਾ ਹੈ, ਉਹਨਾਂ ਨੂੰ ਮਿਲੈਨੋਫੋਰ ਕਹਿੰਦੇ ਹਨ। ਜਿਨ੍ਹਾਂ ਕ੍ਰੋਮੈਟੋਫੋਰ ਵਿਚ ਲਾਲ, ਪੀਲਾ ਜਾਂ ਨਾਰੰਗੀ ਵਰਣਕ ਹੁੰਦਾ ਹੈ, ਉਹਨਾਂ ਨੂੰ ਸਮੂਹਿਕ ਰੂਪ ਵਿਚ ਲਾਈਫੋਫੋਰ ਕਹਿੰਦੇ ਹਨ।

ਕ੍ਰੋਮੈਟੋਫੋਰਸ ਵਿਚ ਅਨੇਕ ਸੰਬੰਧ ਹੁੰਦੇ ਹਨ। ਜਦੋਂ ਵਰਣਕ ਕਣਿਕਾਵਾਂ ਕੇਂਦਰ ਵਿਚ ਇਕੱਠੀਆਂ ਹੋ ਜਾਂਦੀਆਂ ਹਨ ਤਦ ਰੰਗ ਹਲਕਾ ਹੋ ਜਾਂਦਾ ਹੈ ਲੇਕਿਨ ਜਦੋਂ ਵਰਣਕ, ਵਰਣਕਧਰਾਂ ਦੀਆਂ ਸਾਰੀਆਂ ਸ਼ਾਖਾਵਾਂ ਵਿਚ ਫੈਲ ਜਾਂਦਾ ਹੈ, ਉਦੋਂ ਸਭ ਤੋਂ ਵੱਧ ਰੰਗ ਪ੍ਰਦਰਸ਼ਿਤ ਹੁੰਦਾ ਹੈ। ਰੰਗ ਕੋਸ਼ਿਕਾਵਾਂ ਪ੍ਰਕਾਸ਼ ਨੂੰ ਗਵਾਨਿਨ ਕ੍ਰਿਸਟਲਾਂ ਵਿਚ ਤਬਦੀਲ ਕਰਦੀਆਂ ਹਨ ਅਤੇ ਇਸ ਪ੍ਰਕਾਰ ਜੇਕਰ ਰੰਗ ਕੋਸ਼ਿਕਾਵਾਂ ਸ਼ਲਕਾਂ ਦੇ ਥੱਲੇ ਹੋਣ ਤਾਂ ਚਿੱਟੇ ਰੰਗ ਬਣਦੇ ਹਨ ਅਤੇ ਜੇਕਰ ਉਹ ਸ਼ਲਕਾਂ ਦੇ ਉਤੇ ਹੋਣ ਤਾਂ ਕ੍ਰੋਸਮੈਟੋਫੋਰਸ ਅਤੇ ਗਵਾਨਿਨ ਕੋਸ਼ਿਕਾਵਾਂ ਨਾਲ ਬਦਲਾਵ ਦੁਆਰਾ ਨੀਲਾ ਰੰਗ ਪੈਦਾ ਹੁੰਦਾ ਹੈ ਅਤੇ ਇਹ ਨੀਲੇ ਪੀਲੇ ਵਰਣਕ ਦੇ ਨਾਲ ਮਿਲ ਕੇ ਹਰਾ ਰੰਗ ਪੈਦਾ ਕਰਦਾ ਹੈ। ਮੱਛੀਆਂ ਵਿਚ ਹੋਰ ਕਿਸੇ ਪ੍ਰਾਣੀ ਦੀ ਬਜਾਏ ਰੰਗ ਜਲਦੀ-ਜਲਦੀ ਪੂਰੀ ਤਰ੍ਹਾਂ ਬਦਲਦੇ ਹਨ। ਕ੍ਰੋਮੈਟੋਫੋਰ ਵਿਚ ਤੰਤਰਿਕਾ ਤੰਤੂ ਪਹੁੰਚਦੇ ਹਨ, ਜੋ ਵਰਣਕਾਂ ਨੂੰ ਸੰਕੁਚਿਤ ਕਰ ਦਿੰਦੇ ਹਨ ਅਤੇ ਰੰਗ ਫਿੱਕਾ ਹੋ ਜਾਂਦਾ ਹੈ। ਪਿਟਯੂਟਰੀ ਗ੍ਰੰਥੀ ਰੰਗ ਨੂੰ ਗਹਿਰਾ ਕਰ ਦਿੰਦੀ ਹੈ। ਬਾਹਰੀ ਵਾਤਾਵਰਣ ਨਾਲ ਵੀ ਰੰਗ ਪਰਿਵਰਤਨ ਪ੍ਰਭਾਵਿਤ ਹੁੰਦਾ ਹੈ। ਇਹੋ ਜਿਹਾ ਪਰਿਵਰਤਨ ਸ਼ੁਰੂ ਵਿਚ ਤਾਂ ਜਲਦੀ ਹੋ ਜਾਂਦਾ ਹੈ ਲੇਕਿਨ ਉਸ ਨੂੰ ਪੂਰਾ ਹੋਣ ਤੇ ਜਿਆਦਾ ਸਮਾਂ ਲਗਦਾ ਹੈ। ■

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਹਿਮਾਚਲ ਪ੍ਰਦੇਸ਼
2) ਰਘੂਵੰਸ਼
3) ਉੱਤਰ ਪ੍ਰਦੇਸ਼
4) ਬੰਗਲਾ ਦੇਸ਼
5) ਰਿਸ਼ੀਕੇਸ਼
6) ਇਲਤੁਤਮਿਸ਼
7) ਅਰੁਣਾਚਲ ਪ੍ਰਦੇਸ਼
8) ਗਣੇਸ਼
9) ਆਂਧਰ ਪ੍ਰਦੇਸ਼
10) ਹਿਮਾਚਲ ਪ੍ਰਦੇਸ਼
11) ਬੰਗਲਾ ਦੇਸ਼
12) ਮੱਧ ਪ੍ਰਦੇਸ਼
13) ਮੁਕੇਸ਼
14) ਉਤਰ ਪ੍ਰਦੇਸ਼
15) ਕੈਲਾਸ਼ ।




- ❖ ਮਾਊਂਟ ਐਵਰੇਸਟ ਉਤੇ ਦੋ ਵਾਰ ਚੜਨ ਵਾਲੀ ਪਹਿਲੀ ਭਾਰਤੀ ਮਹਿਲਾ ਸੰਤੋਸ਼ ਯਾਦਵ ਹੈ।
- ❖ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ ਰਿਟਾਇਰ ਹੋਣ ਦੀ ਉਮਰ 65 ਸਾਲ ਹੁੰਦੀ ਹੈ।
- ❖ ਰਾਜਸਭਾ ਨੂੰ ਹੀ ਸੰਸਦ ਦਾ ਉਚੱ ਸਦਨ ਕਿਹਾ ਜਾਂਦਾ ਹੈ।
- ❖ 'ਪੰਚਤੰਤ੍ਰ' ਦਾ ਲੇਖਕ ਵਿਸ਼ਨੂ ਸ਼ਰਮਾ ਹੈ।
- ❖ ਸੰਨ 1954 ਵਿਚ ਹੋਏ ਭਾਰਤ ਅਤੇ ਚੀਨ ਦੇ ਸਮਝੌਤੇ ਨੂੰ ਪੰਚਸ਼ੀਲ ਸਮਝੌਤੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ।
- ❖ ਸੰਨ 2010 ਵਿਚ ਫੁਟਬਾਲ ਵਿਸ਼ਵਕੱਪ ਸਪੇਨ ਨੇ ਜਿਤਿਆ ਸੀ।
- ❖ ਪੂਨਾ ਦੇ ਕੋਲ ਖੜਗਵਾਸਲਾ ਵਿਚ ਰਾਸ਼ਟਰੀ ਰਖਿਆ ਅਕਾਦਮੀ ਸਥਿਤ ਹੈ।
- ❖ ਭਾਰਤ ਦੇ ਪਹਿਲੇ ਪ੍ਰਧਾਨਮੰਤਰੀ ਜਵਾਹਰਲਾਲ ਨਹਿਰੂ ਨੇ ਪ੍ਰਸਿੱਧ ਪੁਸਤਕ 'ਡਿਸਕਵਰੀ ਆਫ ਇੰਡੀਆ' ਲਿਖੀ ਸੀ।
- ❖ ਇਕ ਸਿਹਤਮੰਦ ਵਿਅਕਤੀ ਦਾ ਹਿਰਦਾ ਇਕ ਮਿੰਟ ਵਿਚ 72 ਵਾਰ ਧੜਕਦਾ ਹੈ।
- ❖ ਭਾਰਤ ਵਿਚ ਪਹਿਲੀ ਵਾਰ ਜਨਗਣਨਾ ਸੰਨ 1872 ਵਿਚ ਹੋਈ ਸੀ।
- ❖ ਇਕ ਦਿਨ ਦੀ ਕ੍ਰਿਕਟ ਖੇਡ ਵਿਚ ਪਹਿਲੀ ਡਬਲ ਸੈਂਚੁਰੀ ਸਚਿਨ ਤੇਂਦੁਲਕਰ ਨੇ ਲਗਾਈ ਸੀ।
- ❖ ਫਰਵਰੀ 2010 ਵਿਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਟੀ-ਟਵੈਂਟੀ ਦੇ ਮੁਕਾਬਲੇ ਵਿਚ ਦੱਖਣੀ ਅਫਰੀਕਾ ਦੇ ਖਿਲਾਫ ਜਿੱਤ ਪ੍ਰਾਪਤ ਕੀਤੀ ਸੀ।
- ❖ ਧਰੁਵ ਤਾਰਾ ਆਕਾਸ਼ ਵਿਚ ਹਮੇਸ਼ਾ ਉੱਤਰ ਦਿਸ਼ਾ ਵਿਚ ਦਿਖਾਈ ਦਿੰਦਾ ਹੈ।
- ❖ ਕੁੰਤੀ ਦੇ ਪੁੱਤਰ ਕਰਣ ਨੇ ਮਹਾਂਭਾਰਤ ਦੇ ਯੁਧ ਵਿਚ ਕੌਰਵਾਂ ਦਾ ਸਾਥ ਦਿੱਤਾ ਸੀ।
- ❖ ਭਾਰਤ ਦੇ ਸਾਬਕਾ ਪ੍ਰਧਾਨਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਜਨਮਦਿਵਸ 2 ਅਕਤੂਬਰ ਨੂੰ ਮਨਾਇਆ ਜਾਂਦਾ ਹੈ।
- ❖ ਭਾਰਤ ਦੀ ਪਹਿਲੀ ਬੋਲਦੀ ਫਿਲਮ ਆਲਮਆਰਾ ਸੀ।
- ❖ ਤਾਜਮਹਿਲ ਉੱਤਰ ਪ੍ਰਦੇਸ਼ ਦੇ ਆਗਰਾ ਸ਼ਹਿਰ ਵਿਚ ਹੈ।

ਸੰਗ੍ਰਹਿਕਰਤਾ - ਵਿਭਾ ਵਰਮਾ



❑ ਅਵਤਾਰ ਸਿੰਘ ਸੰਧੂ

# ਅਨਮੋਲ ਵਸਤੂ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਇਕ ਰਾਜਾ ਸੀ। ਉਸ ਦਾ ਰਾਜ ਪ੍ਰਬੰਧ ਬਹੁਤ ਹੀ ਵਧੀਆ ਸੀ। ਇਸ ਲਈ ਰਾਜ ਦੀ ਪਰਜਾ ਬਹੁਤ ਖੁਸ਼ ਸੀ। ਕਿਸਾਨ, ਵਪਾਰੀ, ਕਲਾਕਾਰ ਤੇ ਮਜ਼ਦੂਰ ਸਾਰੇ ਹੀ ਖੁਸ਼ਹਾਲ ਸਨ। ਰਾਜਾ ਬੜਾ ਹੀ ਇਨਸਾਫ ਪਸੰਦ ਸੀ। ਰਾਜ ਵਿਚ ਅਮਨ-ਸ਼ਾਂਤੀ ਸੀ। ਚੋਰੀ-ਡਾਕੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਰਾਜੇ ਦੀ ਇਕਲੌਤੀ ਬੇਟੀ ਸੀ। ਉਹ ਬਹੁਤ ਹੀ ਖੂਬਸੂਰਤ ਅਤੇ ਗੁਣਵਾਨ ਸੀ। ਜਦੋਂ ਉਹ ਵਿਆਹੁਣ ਲਾਇਕ ਹੋ ਗਈ ਤਾਂ ਰਾਜੇ ਨੇ ਉਸ ਨੂੰ ਆਪਣਾ ਵਰ ਆਪ ਚੁਣਨ ਲਈ ਕਿਹਾ ਪਰ ਰਾਜਕੁਮਾਰੀ ਨੇ ਕਿਹਾ – ਪਿਤਾ ਜੀ, ਆਪ ਮੇਰੇ ਲਈ ਜੋ ਵੀ ਵਰ ਚੁਣੋਗੇ, ਮੈਂ ਸਵੀਕਾਰ ਕਰਾਂਗੀ।'

ਰਾਜੇ ਨੇ ਰਾਜਕੁਮਾਰੀ ਲਈ ਯੋਗ ਵਰ ਲੱਭਣ ਲਈ ਆਪਣੇ ਮੰਤਰੀਆਂ ਅਤੇ ਦਰਬਾਰੀਆਂ ਨਾਲ ਸਲਾਹ-ਮਸ਼ਵਰਾ ਕੀਤਾ। ਆਖਿਰ ਰਾਜੇ ਨੇ ਐਲਾਨ ਕੀਤਾ, ਜੋ ਵੀ ਗਭਰੂ ਮੇਰੇ ਲਈ ਤਿੰਨ ਅਨਮੋਲ ਵਸਤੂਆਂ ਲਿਆਏਗਾ, ਮੈਂ ਆਪਣੀ ਰਾਜਕੁਮਾਰੀ ਦਾ ਵਿਆਹ ਖੁਸ਼ੀ-ਖੁਸ਼ੀ ਉਸ ਨਾਲ ਕਰ ਦਿਆਂਗਾ।'

ਸਾਰੇ ਰਾਜ ਵਿਚ ਰਾਜਕੁਮਾਰੀ ਦੇ ਵਿਆਹ ਦੀ ਚਰਚਾ ਹੋਣ ਲੱਗ ਪਈ। ਗੁਆਂਢੀ ਰਾਜਿਆਂ ਵਿਚ ਇਹ ਖਬਰ ਪਹੁੰਚ ਗਈ। ਹੁਣ ਲੋਕਾਂ ਨੂੰ ਇੰਤਜ਼ਾਰ ਸੀ, ਕਦੋਂ ਰਾਜਕੁਮਾਰੀ ਨੂੰ ਯੋਗ ਵਰ ਮਿਲਦਾ ਹੈ। ਰੋਜ਼ ਦਰਬਾਰ ਵਿਚ ਗੱਭਰੂ ਅਨਮੋਲ-ਅਨਮੋਲ ਵਸਤੂਆਂ ਲੈ ਕੇ ਆਉਂਦੇ ਪਰ ਰਾਜੇ ਨੂੰ ਕੋਈ ਪਸੰਦ ਨਾ ਆਉਂਦਾ। ਕੋਈ ਰਾਜਕੁਮਾਰ ਹੀਰੇ, ਜਵਾਹਰਾਤ ਲੈ ਕੇ ਹਾਜ਼ਰ ਹੁੰਦਾ, ਕੋਈ ਸੋਨੇ ਦੇ ਨਵੇਂ-ਨਵੇਂ ਗਹਿਣੇ ਲਿਆਉਂਦਾ ਪਰ ਰਾਜੇ ਨੂੰ ਇਹ ਸਭ ਕੁਝ ਮਾਮੂਲੀ ਲੱਗਦਾ।

ਦਿਨ ਲੰਘਦੇ ਗਏ। ਰਾਜਾ ਵੀ ਪ੍ਰੇਸ਼ਾਨ ਰਹਿਣ ਲੱਗ ਪਿਆ। ਰਾਜ ਦੀ ਜਨਤਾ ਵੀ ਹੈਰਾਨ ਸੀ ਕਿ ਆਖਿਰ ਦੁਨੀਆ ਵਿਚ ਕਿਹੜੀ ਅਨਮੋਲ ਵਸਤੂ ਹੈ। ਰਾਜਕੁਮਾਰੀ ਸ਼ਾਂਤ ਸੀ। ਉਸ ਨੂੰ ਆਪਣੇ ਪਿਤਾ ਉੱਪਰ ਪੂਰਾ ਯਕੀਨ ਸੀ ਕਿ ਇਕ ਦਿਨ ਕੋਈ ਗਭਰੂ ਆਏਗਾ, ਜੋ ਇਹ ਸ਼ਰਤ ਪੂਰੀ ਕਰੇਗਾ। ਇਕ ਦਿਨ ਦਰਬਾਰ ਵਿਚ ਇਕ ਸਾਧਾਰਨ ਜਿਹਾ ਕਿਸਾਨ ਦਾ ਪੁੱਤਰ ਆਇਆ। ਉਸ ਨੇ ਆਖਿਆ ਕਿ ਉਸ ਕੋਲ ਤਿੰਨ ਅਨਮੋਲ ਵਸਤੂਆਂ ਹਨ। ਸਾਰੇ ਦਰਬਾਰੀਆਂ ਨੇ ਉਸ ਗਭਰੂ ਨੂੰ ਧਿਆਨ ਨਾਲ ਦੇਖਿਆ। ਉਸ ਦਾ ਪਹਿਰਾਵਾ ਵੀ ਸਾਧਾਰਨ ਸੀ। ਉਸ ਦਾ ਸਰੀਰ ਮਜ਼ਬੂਤ ਤੇ ਕਸਰਤੀ ਸੀ। ਇੰਜ ਲਗਦਾ ਸੀ ਕਿ ਇਹ ਗੱਭਰੂ ਬੜਾ ਮਿਹਨਤੀ ਹੈ। ਦਰਬਾਰੀ ਉਸ ਨੂੰ ਰਾਜੇ ਕੋਲ ਲੈ ਆਏ। ਹੁਣ ਰਾਜਾ ਵੀ ਹੈਰਾਨ ਸੀ ਕਿਉਂਕਿ ਗੱਭਰੂ ਕੋਲ ਸਿਰਫ ਇਕ ਪੋਟਲੀ ਸੀ।

ਰਾਜਾ ਅਤੇ ਮੰਤਰੀ ਸੋਚ ਰਹੇ ਸਨ। ਆਖਿਰ ਇਸ ਪੋਟਲੀ ਵਿਚ ਕੀ ਹੋ ਸਕਦਾ ਹੈ, ਜੋ ਅਨਮੋਲ ਹੈ। ਰਾਜੇ ਨੇ ਗੱਭਰੂ ਨੂੰ ਅਨਮੋਲ ਵਸਤੂ ਪੇਸ਼ ਕਰਨ ਲਈ ਕਿਹਾ। ਗਭਰੂ ਨੇ ਪੋਟਲੀ ਖੋਲ੍ਹੀ ਤੇ ਮਿੱਟੀ ਦੀ ਮੁੱਠ ਭਰ ਲਈ। ਮਹਾਰਾਜ ! ਇਹ ਮਿੱਟੀ ਹੈ। ਇਹ ਸਾਡੀ ਧਰਤੀ ਮਾਂ ਹੈ, ਜੋ ਸਾਨੂੰ ਆਪਣੀ ਗੋਦ ਵਿਚ ਬਿਠਾਉਂਦੀ ਹੈ। ਇਸ ਵਿਚ ਅੰਨ ਪੈਦਾ ਹੁੰਦਾ ਹੈ। ਅੰਨ ਸਾਨੂੰ ਜੀਵਨ ਦਿੰਦਾ ਹੈ। ਮਿੱਟੀ ਤੋਂ ਬਿਨਾਂ ਮਨੁੱਖ ਦੀ ਹੋਂਦ ਅਸੰਭਵ ਹੈ। ਇਸ ਲਈ ਇਹ ਅਨਮੋਲ ਹੈ। ਰਾਜਾ ਖੁਸ਼ ਹੋ ਗਿਆ। ਮੰਤਰੀਆਂ ਨੇ ਤਾੜੀਆਂ ਮਾਰੀਆਂ।

ਫਿਰ ਉਸ ਨੇ ਪੋਟਲੀ ਵਿਚੋਂ ਪਾਣੀ ਦੀ ਗੜਵੀ ਕੱਢੀ – ਮਹਾਰਾਜ ! ਇਹ ਦੂਜੀ ਅਨਮੋਲ ਵਸਤੂ ਪਾਣੀ ਹੈ। ਇਹ ਪਿਤਾ ਸਮਾਨ ਹੈ। ਪਾਣੀ ਬਿਨਾਂ ਪ੍ਰਾਣੀ ਜੀਉਂਦਾ ਨਹੀਂ ਰਹਿ ਸਕਦਾ। ਪਾਣੀ ਅਨਮੋਲ ਹੈ।


ਰਾਜਾ ਖੁਸ਼ੀ ਨਾਲ ਉਛੱਲ ਪਿਆ। ਗਭਰੂ ਨੇ ਪੋਟਲੀ ਵਿਚੋਂ ਇਕ ਪੁਸਤਕ ਕੱਢੀ – ਮਹਾਰਾਜ ਤੀਜੀ ਅਨਮੋਲ ਵਸਤੂ ਪੁਸਤਕ ਹੈ। ਪੁਸਤਕਾਂ ਸਾਨੂੰ ਗਿਆਨ ਦਿੰਦੀਆਂ ਹਨ। ਇਹ ਸਾਨੂੰ ਜੀਵਨ ਜਾਚ ਸਿਖਾਉਂਦੀਆਂ ਹਨ। ਗਿਆਨ ਤੋਂ ਬਿਨਾਂ ਇਨਸਾਨ ਪਸ਼ੂ ਸਮਾਨ ਹੈ।

ਰਾਜਾ ਆਪਣੇ ਆਸ ਤੋਂ ਉਠਿਆ, ਉਸ ਗਭਰੂ ਨੂੰ ਗਲਵਕੜੀ ਪਾ ਲਈ – ਨੌਜਵਾਨ ! ਤੂੰ ਹੀ ਰਾਜਕੁਮਾਰੀ ਲਈ ਯੋਗ ਵਰ ਹੈਂ ! ਤੇਰੀਆਂ ਲਿਆਂਦੀਆਂ ਇਹ ਵਸਤੂਆਂ ਸਚਮੁਚ ਅਨਮੋਲ ਹਨ। ਤੇਰੇ ਵਰਗਾ ਸਿਆਣਾ ਗਭਰੂ ਹੀ ਮੇਰੇ ਰਾਜ ਨੂੰ ਸਹੀ ਢੰਗ ਨਾਲ ਚਲਾ ਸਕਦਾ ਹੈ। ਤੇਰੀ ਸਿਆਣਪ ਨੇ ਮੈਨੂੰ ਮੋਹ ਲਿਆ ਹੈ। ਜੇਕਰ ਸਾਡੇ ਕੋਲ ਰਹਿਣ ਲਈ ਧਰਤੀ, ਪੀਣ ਲਈ ਪਾਣੀ ਤੇ ਗਿਆਨ ਹਾਸਲ ਕਰਨ ਲਈ ਪੁਸਤਕਾਂ ਨਾ ਹੋਣ ਤਾਂ ਹੀਰੇ, ਮੋਤੀ ਜਵਾਹਰ ਸਭ ਬੇਕਾਰ ਹਨ।

ਰਾਜੇ ਨੇ ਖੁਸ਼ੀ-ਖੁਸ਼ੀ ਆਪਣੀ ਰਾਜਕੁਮਾਰੀ ਦਾ ਵਿਆਹ ਉਸ ਸਾਧਾਰਣ ਜਿਹੇ ਦਿਸਣ ਵਾਲੇ ਗਭੱਰੂ ਨਾਲ ਕਰ ਦਿੱਤਾ। ਇਸ ਤਰ੍ਹਾਂ ਇਕ ਮਿਹਨਤੀ ਤੇ ਬੁੱਧੀਮਾਨ ਗਭਰੂ ਰਾਜ ਭਾਗ ਦਾ ਮਾਲਕ ਬਣ ਗਿਆ।

❑ ਨੀਲਮ ਗੁਪਤਾ

## ਸਭ ਤੋਂ ਲੰਬਾ ਅਤੇ ਮੋਟਾ ਸੱਪ ਐਨਾਕੋਂਡਾ



ਅਜਗਰ ਸਭ ਤੋਂ ਵਜਨ ਵਾਲਾ ਸੱਪ ਹੁੰਦਾ ਹੈ। ਅਜਗਰ ਭਾਰਤ ਵਿਚ ਵੀ ਬਹੁਤ ਜਿਆਦਾ ਮਿਲਦੇ ਹਨ। ਬੋਆ ਪਰਿਵਾਰ ਦਾ ਐਨਾਕੋਂਡਾ ਨਾਮਕ ਅਜਗਰ ਦੱਖਣੀ ਅਮਰੀਕਾ ਮਹਾਦੀਪ ਦੇ ਉਤੱਰੀ ਭਾਗ ਵਿਚ ਵਗਣ ਵਾਲੀਆਂ ਨਦੀਆਂ ਅਤੇ ਐਂਡੀਜ ਪਹਾੜਾਂ ਦੇ ਪੂਰਬ ਵਿਚ ਵਗਣ ਵਾਲੀ ਮਸ਼ਹੂਰ ਅਮੇਜਨ ਨਦੀ ਵਿਚ ਪਾਇਆ ਜਾਂਦਾ ਹੈ। ਇਕ ਆਮ ਐਨਾਕੋਂਡਾ ਅਜਗਰ ਦਾ ਵਜਨ 90 ਤੋਂ 110 ਕਿਲੋ ਤਕ ਹੋ ਸਕਦਾ ਹੈ। ਇਸ ਦੀ ਲੰਬਾਈ ਵੀਹ ਫੁਟ ਦੇ ਆਸਪਾਸ ਹੁੰਦੀ ਹੈ। ਪੀਲਾ ਐਨਾਕੋਂਡਾ ਏਸੇ ਮਹਾਦੀਪ ਵਿਚ ਮਿਲਦਾ ਹੈ। ਇਸ ਦੀ ਲੰਬਾਈ ਵਧ ਤੋਂ ਵੱਧ 13 ਫੁੱਟ ਤਕ ਪਾਈ ਜਾਂਦੀ ਹੈ। ਆਮ ਐਨਾਕੋਂਡਾ ਧਰਤੀ ਦੇ ਪਛੱਮ ਗੋਲਾਰਧ ਦਾ ਸਭ ਤੋਂ ਵੱਡਾ ਸੱਪ ਹੈ। ਇਹ ਆਪਣੇ ਸ਼ਿਕਾਰ ਨੂੰ ਆਪਣੀ ਕੁੰਡਲੀ ਵਿਚ ਜਕੜ ਲੈਂਦਾ ਹੈ ਜਿਸ ਨਾਲ ਸ਼ਿਕਾਰ ਦੀ ਮੌਤ ਹੋ ਜਾਂਦੀ ਹੈ। ਫਿਰ ਇਹ ਉਸ ਨੂੰ ਨਿਗਲ ਜਾਂਦਾ ਹੈ। ਇਸ ਦੇ ਪੇਟ ਵਿਚ ਸ਼ਕਤੀਸ਼ਾਲੀ ਪਾਚਨ ਤੱਤ ਹੁੰਦੇ ਹਨ ਜੋ ਹੱਡੀਆਂ ਨੂੰ ਵੀ ਪਚਾ ਜਾਂਦੇ ਹਨ। ਆਮ ਆਦਮੀ ਏਨੇ ਵੱਡੇ ਸੱਪ ਨੂੰ ਵੇਖ ਕੇ ਡਰ ਜਾਂਦਾ ਹੈ ਲੇਕਿਨ ਬ੍ਰਾਜ਼ੀਲ ਆਦਿ ਦੇਸ਼ਾਂ ਦੇ ਆਦੀਵਾਸੀ ਬੱਚੇ ਵੀ ਇਸ ਤੋਂ ਨਹੀਂ ਡਰਦੇ।


❑ ਉਰਵਸ਼ੀ

# ਲਾਭਦਾਇਕ ਵੀ ਹਨ ਜਵਾਲਾਮੁਖੀ

ਪ੍ਰਿਥਵੀ ਦੇ ਮਹਾਦੀਪਾਂ, ਉਪਮਹਾਦੀਪਾਂ ਅਤੇ ਭੂਖੰਡਾਂ ਵਿਚ ਕੁਲ ਮਿਲਾ ਕੇ ਚਾਰ ਸੋ ਤੋਂ ਛੇ ਸੌ ਵੀਹ ਜਵਾਲਾਮੁਖੀ ਪਰਬਤ ਹਨ। ਸਾਗਰ ਤਲ ਵਿਚ ਇਹਨਾਂ ਦੀ ਸੰਖਿਆ ਲਗਭਗ ਪੰਜ ਸੌ ਹੈ, ਲੇਕਿਨ ਸਾਰੇ ਜਵਾਲਾਮੁਖੀ ਜਿਆਦਾ ਭਿਅੰਕਰ ਨਹੀ ਹੁੰਦੇ। ਕੁਝ ਤਾਂ ਸਿਰਫ ਰਾਖ ਉਗਲਦੇ ਹੀ ਸ਼ਾਂਤ ਹੋ ਜਾਂਦੇ ਹਨ। ਇਹੋ ਜਿਹੇ ਕੁਝ ਜਵਾਲਾਮੁਖੀਆਂ ਦੇ ਨੇੜੇ ਪਿੰਡ ਵੀ ਵੱਸੇ ਹੋਏ ਹਨ। ਇਟਲੀ ਦੇ 'ਵਿਸਟਵਿਅਸ' ਜਵਾਲਾਮੁਖੀ ਦੀ ਜਮੀਨ ਫਲਾਂ ਦੇ ਬਗੀਚੇ ਲਈ ਵਰਦਾਨ ਹੈ, ਇਸ ਵਿਚ ਅੰਗੂਰ ਦੀਆਂ ਵੇਲਾਂ ਬਹੁਤ ਮਸ਼ਹੂਰ ਹਨ। ਚਾਵਲ ਦੀ ਖੇਤੀ ਦੇ ਮਾਮਲੇ ਵਿਚ ਜਾਪਾਨ ਅਤੇ ਫਿਲੀਪੀਨਸ ਦੇ ਜਵਾਲਾਮੁਖੀ ਘੱਟ ਨਹੀਂ ਹਨ, ਜਿਆਦਾਤਰ ਜਵਾਲਾਮੁਖੀ ਦੇ ਲਾਵੇ ਦੇ ਕਾਰਣ ਮਿੱਟੀ ਵਿਚ ਪਹਿਲਾਂ ਹੀ ਰੁੱਖ ਵਨਸਪਤੀਆਂ ਲਈ ਉਪਯੋਗੀ ਤੱਤ ਹੁੰਦੇ ਹਨ। ਅਮਰੀਕਾ ਦੇ ਜਿਆਦਾਤਰ ਜਵਾਲਾਮੁਖੀ ਪਰਬਤਾਂ ਵਿਚ ਕਾਹਵੇ ਦੀ ਬਾਗਵਾਨੀ ਬਹੁਤ ਚੰਗੀ ਕੀਤੀ ਜਾਂਦੀ ਹੈ। ਭੂਗੋਲ ਸ਼ਾਸਤਰੀਆ ਦਾ ਕਹਿਣਾ ਹੈ ਕਿ ਯੂਰਪ, ਅਫਰੀਕਾ ਅਤੇ ਏਸ਼ੀਆ ਦੇ ਜਿਆਦਾਤਰ ਉਚੇ ਪਰਬਤ ਆਸਮਾਨ ਵਿਚ ਉਡੱਦੇ ਬੱਦਲਾਂ ਨੂੰ ਰੋਕ ਕੇ ਬਰਸਾਤ ਕਰਵਾਉਂਦੇ ਹਨ,

ਇਹਨਾਂ ਬਰਸਾਤਾਂ ਤੋਂ ਇਲਾਵਾ ਜਵਾਲਾਮੁਖੀ ਕਾਰਬਨ ਡਾਈਆਕਸਾਈਡ ਪੈਦਾ ਕਰਦੇ ਹਨ, ਜੋ ਵਨਸਪਤੀ ਲਈ ਬਹੁਤ ਉਪਯੋਗੀ ਹੈ ਜਿਵੇਂ ਕਿ ਜੀਵ-ਜੰਤੂਆਂ ਲਈ ਆਕਸੀਜਨ ਜਰੂਰੀ ਹੁੰਦੀ ਹੈ। ਇਸ ਤਰ੍ਹਾਂ ਜਵਾਲਾਮੁਖੀ ਖੇਤੀ ਵਿਚ ਵੀ ਸਹਾਇਕ ਸਿੱਧ ਹੁੰਦੇ ਹਨ। ਵਿਸ਼ਵ ਦੇ ਸਾਰੇ ਜਵਾਲਾਮੁਖੀਆਂ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ ਹੈ। ਕ੍ਰਿਆਸ਼ੀਲ ਅਤੇ ਅਕ੍ਰਿਆਸ਼ੀਲ - ਜਿਸ ਨੂੰ ਮੁਰਦਾ ਵੀ ਕਹਿੰਦੇ ਹਨ। ਅਕ੍ਰਿਆਸ਼ੀਲ ਜਵਾਲਮੁਖੀ ਉਸ ਨੂੰ ਕਹਿੰਦੇ ਹਨ ਜੋ ਕਿ ਪਹਿਲਾਂ ਕ੍ਰਿਆਸ਼ੀਲ ਸਨ ਲੇਕਿਨ ਹੁਣ ਇਕਦਮ ਹੀ ਠੰਡੇ ਪਏ ਹਨ। ਕ੍ਰਿਆਸ਼ੀਲ ਜਵਾਲਾਮੁਖੀ ਨੂੰ ਦੋ ਹਿਸਿਆਂ ਵਿਚ ਵੰਡਿਆ ਗਿਆ ਹੈ - ਪਹਿਲਾ ਤੇਜ਼ ਜਵਾਲਾਮੁਖੀ ਅਤੇ ਦੂਜਾ ਸ਼ਾਂਤ ਜਵਾਲਾਮੁਖੀ ਤੇਜ਼ ਜਵਾਲਾਮੁਖੀ ਵਿਚ ਲਾਵਾ ਆ ਸਕਦੇ ਹਨ, ਨਹੀਂ ਤਾਂ ਸਿਰਫ ਵਿਸਫੋਟ ਤੋਂ ਬਾਅਦ ਹੀ ਸ਼ਾਂਤ ਹੋ ਜਾਂਦੇ ਹਨ।ਸ਼ਾਂਤ ਅਵਸਥਾ ਵਿਚ ਜਵਾਲਾਮੁਖੀ ਪਰਬਤ ਥੋੜੀ ਜਿਹੀ ਰਾਖ ਉਗਲਣ ਤੋਂ ਇਲਾਵਾ ਕੁਝ ਨਹੀ ਕਰਦੇ। ਇਥੋਂ ਤਕ ਕਿ ਕਈ ਵਾਰ ਸਾਲਾਂ ਤਕ ਉਹ ਐਨੇ ਕ੍ਰਿਆਸ਼ੀਲ ਵੀ ਨਹੀ ਦਿਸਦੇ ਲੇਕਿਨ ਇੰਜ ਕਦੇ ਨਹੀ ਸਮਝਣਾ ਚਾਹੀਦਾ ਕਿ ਸ਼ਾਂਤ ਜਵਾਲਾਮੁਖੀ ਪਰਬਤ ਖਤਰਨਾਕ ਘੱਟ ਹੁੰਦੇ ਹਨ, ਕਿਉਂਕਿ ਕਦੇ-ਕਦੇ ਇਹ ਇਕਦਮ ਹੀ ਫਟ ਜਾਂਦੇ ਹਨ। ਠੰਡੇ ਜਵਾਲਾਮੁਖੀ ਦੇ ਲਾਵੇ ਵਿਚ ਕਈ ਉਪਯੋਗੀ ਵਸਤੂਆਂ ਮਿਲਦੀਆਂ ਹਨ। ਇਹਨਾਂ ਵਿਚੋਂ ਇਕ ਉਸੀਡੀਅਨ ਵੀ ਹੈ। ਇਹ ਇਕ ਤਰ੍ਹਾਂ ਦਾ ਪ੍ਰਾਕ੍ਰਿਤਿਕ ਕੱਚ ਹੈ, ਜੋ ਆਪਣੀ ਚਮਕ ਅਤੇ ਸਫਾਈ ਲਈ ਮਸ਼ਹੂਰ ਹੈ। ਪੁਰਾਣੇ ਜਮਾਨੇ ਵਿਚ ਉਸੀਡੀਅਨ (ਕੱਚ) ਦਾ ਇਸਤੇਮਾਲ ਗਹਿਣੇ ਅਤੇ ਸਜਾਵਟ ਦੇ ਸਮਾਨ ਬਣਾਉਣ ਵਿਚ ਹੁੰਦਾ ਸੀ। ਜਵਾਲਾਮੁਖੀ ਦੀ ਦੂਜੀ ਦੇਨ ਭ੍ਰਾਮਕ ਪੱਥਰ ਵੀ ਹੈ। ਇਹ ਬਹੁਤ ਹੀ ਉਪਯੋਗੀ ਹੈ। ਇਮਾਰਤਾਂ ਦੇ ਨਿਰਮਾਣ ਦੇ ਨਾਲ ਝਾਮੇ ਦੇ ਤੌਰ ਤੇ ਵੀ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਕਵੇਡੋਰ ਦੀ ਐਂਡੀਲ ਪਰਬਤ ਸ਼੍ਰੇਣੀ ਵਿਚ ਬਣੇ ਲਾਟਾਕੁੰਭਾ ਸਿਰਫ ਭ੍ਰਾਮਕ ਦੇ ਪੱਥਰ ਨਾਲ ਭਰਪੂਰ ਹੈ। ਸਭ ਤੋਂ ਵਧੀਆ ਭ੍ਰਾਮਕ ਪੱਥਰ ਲਿਪਰੀ ਟਾਪੂ ਵਿਚ ਹੁੰਦਾ ਹੈ, ਜੋ ਇਟਲੀ ਦੇਸ਼ ਦੇ ਕਬਜੇ ਵਿਜ ਹੈ। ਆਮਤੌਰ ਤੇ ਜਵਾਲਾਮੁਖੀ ਤੋਂ ਪ੍ਰਾਪਤ ਹੋਣ ਵਾਲੀ ਵਸਤੂ ਗੰਧਕ ਹੈ ਜੋ ਕਿ ਪੁਰਾਣੇ ਜਵਾਲਾਮੁਖੀ ਵਿਚੋਂ ਪ੍ਰਾਪਤ ਕੀਤੀ ਜਾਂਦੀ ਹੈ।

ਵਰਤਮਾਨ ਕਾਲ ਵਿਚ ਜਵਾਲਾਮੁਖੀ ਦੀ ਅਪਾਰ ਸ਼ਕਤੀ ਦਾ ਰਚਨਾਤਮਕ ਉਪਯੋਗ ਕਰਨ ਦੀ ਗੱਲ ਅੱਜ ਕੁਝ ਮਾਤਰਾ ਵਿਚ ਪੂਰੀ ਹੋ ਰਹੀ ਹੈ। ਇਟਲੀ ਦੇ ਲਾਡਰਿਉ ਨਾਮਕ ਥਾਂ ਉਤੇ ਭੂਮੀ ਵਿਚ ਬਹੁਤ ਹੀ ਇਹੋ ਜਿਹੇ ਜਵਾਲਾਮੁਖੀ ਹਨ, ਜਿਨ੍ਹਾਂ ਵਿਚੋਂ ਪ੍ਰਾਕਿਰਤਿਕ ਭਾਫ ਨਿਕਲਦੀ ਹੈ।ਇਸ ਭਾਫ ਨੂੰ ਇਕ ਬਿਜਲੀ ਉਤਪਾਦਕ ਕੇਂਦਰ ਵਿਚ ਪਹੁੰਚਾ ਕੇ ਤਿੰਨ ਲੱਖ ਕਿਲੋਵਾਟ ਬਿਜਲੀ ਤਿਆਰ ਕੀਤੀ ਜਾ ਰਹੀ ਹੈ। ਆਈਸਲੈਂਡ ਵਿਚ ਜਵਾਲਾਮੁਖੀ ਪਰਬਤਾਂ ਦੁਆਰਾ ਗਰਮ ਪਾਣੀ ਦੇ ਤਾਲਾਬਾਂ ਦੀ ਭਰਮਾਰ ਹੈ, ਕਿਉਂਕਿ ਉਥੇ ਇਨ੍ਹਾਂ ਤਲਾਬਾਂ ਦੇ ਗਰਮ ਪਾਣੀ ਨਾਲ ਘਰਾਂ ਨੂੰ ਗਰਮ ਰਖਣ ਦੀ ਵਿਵਸਥਾ ਹੈ।







# ਤਰਬੂਜ

❑ ਅਕਸ਼ਦੀਪ ਸਿੰਘ

ਠੰਡਾ-ਮਿੱਠਾ ਲਾਲ ਤਰਬੂਜ,
ਖਾ ਕੇ ਇਹ ਰਹੋ ਮਹਿਫੂਜ਼ !



ਬਾਹਰੋਂ ਹਰਾ ਵਿਚੋਂ ਹੈ ਲਾਲ,
ਖੁਸ਼ ਹੋ ਕੇ ਖਾਉ ਬੜਾ ਕਮਾਲ।

ਠੰਡੇ-ਤਾਜ਼ੇ ਫਾੜੇ ਕੱਟ ਕੇ,
ਥੋੜ੍ਹਾ ਉਤੇ ਨਮਕ ਛਿੜਕ ਕੇ।

ਮਾਰ ਪਚਾਕੇ ਇਸ ਨੂੰ ਖਾਉ,
ਤਰੋ-ਤਾਜ਼ਗੀ ਇਸ ਤੋਂ ਪਾਉ।

ਦਿਲ ਦੀ ਗਰਮੀ ਦੂਰ ਕਰੇ,
ਨਜ਼ਰ ਨੂੰ ਨੂਰੋ-ਨੂਰ ਕਰੇ।



ਗਰਮੀ ਦਾ ਹੈ ਫਲ ਨਿਆਰਾ,
ਨਾ ਇਹ ਹਲਕਾ ਨਾ ਹੈ ਭਾਰਾ।

ਖਾ ਕੇ ਝੱਟ ਹਜ਼ਮ ਹੋ ਜਾਏ,
ਚਿਹਰਾ ਲਾਲ ਸੁਰਖ ਹੋ ਜਾਏ।

ਗੁੱਦਾ ਪੋਲਾ-ਪੋਲਾ ਤੇ ਲਾਲ,
'ਅਕਸ਼ਦੀਪ' ਖਾ ਕੇ ਦੱਸੇ ਹਾਲ।



ਰਾਧੇਲਾਲ ਨਵਚੱਕਰ

# ਨੀਲੂ ਦੀ ਜ਼ਿੱਦ

**ਉਦਯਪੁਰ** ਝੀਲਾਂ ਦਾ ਨਗਰ ਹੈ। ਉਥੇ ਇਕ ਵੱਡੀ ਸਾਰੀ ਝੀਲ ਹੈ ਜਿਸ ਦੇ ਪੱਛਮੀ ਕਿਨਾਰੇ ਉਤੇ ਬਹੁਤ ਸਾਰੀਆਂ ਮੱਛੀਆਂ ਰਹਿੰਦੀਆਂ ਸਨ। ਨੀਲੂ ਇਕ ਨਿੱਕੀ ਜਿਹੀ ਮੱਛੀ ਸੀ। ਬੜੀ ਸੁੰਦਰ ਅਤੇ ਪਿਆਰੀ ਵੀ ਸੀ ਪਰੰਤੂ ਬਹੁਤ ਜ਼ਿੱਦੀ ਸੀ। ਉਹ ਜਿਸ ਗੱਲ ਦੀ ਜ਼ਿੱਦ ਕਰਦੀ ਸੀ ਮੰਮੀ ਤੋਂ ਉਸ ਨੂੰ ਮਨਵਾ ਕੇ ਛੱਡਦੀ ਸੀ। ਉਸ ਦੇ ਜ਼ਿੱਦੀ ਸੁਭਾਅ ਦੇ ਕਾਰਣ ਮਾਂ ਪਰੇਸ਼ਾਨ ਰਹਿੰਦੀ ਸੀ।

ਨੀਲੂ ਨੂੰ ਆਪਣੀ ਮਾਂ ਦੀ ਪਰੇਸ਼ਾਨੀ ਕਦੇ ਸਮਝ ਵਿਚ ਨਹੀਂ ਆਉਂਦੀ ਸੀ। ਇਸ ਲਈ ਉਹ ਹਮੇਸ਼ਾ ਲਾਪਰਵਾਹੀ ਦੀ ਜ਼ਿੰਦਗੀ ਗੁਜ਼ਾਰਦੀ ਸੀ।

ਇਕ ਦਿਨ ਨੀਲੂ ਬਹੁਤ ਜਲਦੀ ਉਠੱ ਗਈ। ਵੇਖਿਆ, ਝੀਲ ਦੇ ਪੂਰਬੀ ਕਿਨਾਰੇ ਤੋਂ ਲਾਲ-ਲਾਲ ਸੂਰਜ ਹੌਲੀ ਜਿਹੀ ਨਿਕਲ ਰਿਹਾ ਹੈ। ਇਹੋ ਜਿਹਾ ਨਜ਼ਾਰਾ ਉਹ ਪਹਿਲੀ ਵਾਰ ਵੇਖ ਰਹੀ ਸੀ।

ਉਹ ਬਹੁਤ ਖੁਸ਼ ਹੋਈ। ਦੋ ਤਿੰਨ ਮਿੰਟ ਤਕ ਉਸ ਉਗਦੇ ਸੂਰਜ ਨੂੰ ਵੇਖਦੀ ਰਹੀ। ਫਿਰ ਜਲਦੀ ਭੱਜ ਕੇ ਮੰਮੀ ਦੇ ਕੋਲ ਗਈ ਅਤੇ ਉਸ ਨੂੰ ਲੈ ਕੇ ਬਾਹਰ ਆਈ। ਫਿਰ ਬੋਲੀ – ਦੇਖੋ ਮੰਮੀ, ਪੂਰਬ ਤੋਂ ਉਗ ਰਿਹਾ ਸੂਰਜ ਕਿੰਨਾ ਪਿਆਰਾ ਲਗ ਰਿਹਾ ਹੈ।

– ਹਾਂ, ਤੈਨੂੰ ਰੋਜ਼ ਦੇਰ ਨਾਲ ਉਠੱਣ ਦੀ ਆਦਤ ਹੈ ਨਾ, ਇਸ ਲਈ ਉਗਦੇ ਸੂਰਜ ਨੂੰ ਤੂੰ ਪਹਿਲਾਂ ਕਦੇ ਨਹੀਂ ਵੇਖ ਸਕੀ। ਅੱਜ ਜਲਦੀ ਉਠਣ ਕਰਕੇ ਤੂੰ ਉਗਦਾ ਸੂਰਜ ਵੇਖ ਲਿਆ।

ਮੰਮੀ ਮੈਂ ਝੀਲ ਦੇ ਪੂਰਬੀ ਕਿਨਾਰੇ ਜਾਣਾ ਚਾਹੁੰਦੀ ਹਾਂ ਜਿੱਥੋਂ ਸੂਰਜ ਨਿਕਲ ਰਿਹਾ ਹੈ। – ਨੀਲੂ ਮਾਸੂਮਿਅਤ ਨਾਲ ਕਹਿਣ ਲੱਗੀ।

ਨਹੀਂ ਬੇਟਾ ! ਮੰਮੀ ਨੇ ਚਿਤਾਵਨੀ ਦਿੱਤੀ – ਉਹ ਕਿਨਾਰਾ ਇੱਥੋਂ ਬਹੁਤ ਦੂਰ ਹੈ। ਤੂੰ ਉਸ ਪਾਸੇ ਜਾਣ ਦੀ ਕਦੇ ਵੀ ਨਾ ਸੋਚੀਂ।



– ਕਿਉਂ?

ਰਾਹ ਭੁੱਲ ਜਾਏਂਗੀ ! ਗੁੰਮ ਹੋ ਜਾਏਂਗੀ।

ਤੁਹਾਡੇ ਨਾਲ ਜਾਵਾਂਗੀ ! – ਨੀਲੂ ਨੇ ਜ਼ਿੱਦ ਫੜ ਲਈ।

ਨਹੀਂ ਮੈਨੂੰ ਘਰ ਵਿਚ ਬਹੁਤ ਸਾਰਾ ਕੰਮ ਹੈ। ਐਨੀ ਦੂਰ ਜਾਣਾ ਸਾਡੇ ਵੱਸ ਦੀ ਗੱਲ ਨਹੀਂ। ਤੂੰ ਇਹ ਜ਼ਿੱਦ ਛੱਡ ਦੇ। – ਮੰਮੀ ਨੇ ਨੀਲੂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

ਨੀਲੂ ਚੁੱਪ ਰਹੀ। ਉਸ ਨੇ ਸੋਚਿਆ – ਸ਼ਾਇਦ ਮੰਮੀ ਉਸ ਦੀ ਇਹ ਜ਼ਿੱਦ ਪੂਰੀ ਨਹੀਂ ਕਰੇਗੀ।ਇਸ ਲਈ ਇਕੱਲੇ ਹੀ ਮੈਨੂੰ ਝੀਲ ਦੇ ਪੂਰਬੀ ਕਿਨਾਰੇ ਜਾਣਾ ਪਏਗਾ। ਆਪਣੇ ਮਨ ਦੀ ਗੱਲ ਨੀਲੂ ਨੇ ਕਿਸੇ ਨੂੰ ਨਹੀਂ ਦੱਸੀ।

– ਠੀਕ ਹੈ – ਕਹਿ ਕੇ ਨੀਲੂ ਨੇ ਮੰਮੀ ਨੂੰ ਚਕਮਾ ਦੇ ਦਿੱਤਾ।

ਬੇਫਿਕਰ ਹੋ ਕੇ ਮੰਮੀ ਘਰ ਦੇ ਕੰਮਾਂ ਵਿਚ ਉਲਝ ਗਈ। ਕਰੀਬ ਤਿੰਨ ਘੰਟੇ ਬਾਅਦ ਮੰਮੀ ਨੇ ਨੀਲੂ ਨੂੰ ਖਾਣਾ ਖਾਣ ਲਈ ਬੁਲਾਇਆ ਲੇਕਿਨ ਨੀਲੂ ਦੀ ਅਵਾਜ਼ ਨਹੀਂ ਆਈ। ਮੰਮੀ ਪਰੇਸ਼ਾਨ ਹੋ ਗਈ। ਉਸ ਨੇ ਨੇੜੇ ਸਭ ਜਗ੍ਹਾ ਨੀਲੂ ਨੂੰ ਲੱਭਿਆ ਪਰ ਉਹ ਕਿਤੇ ਵੀ ਨਜ਼ਰ ਨਹੀਂ ਆਈ। ਉਸ ਦੀਆਂ ਸਹੇਲੀਆਂ ਤੋਂ ਵੀ ਨੀਲੂ ਦੀ ਮੰਮੀ ਨੇ ਪੁੱਛਗਿੱਛ ਕੀਤੀ। ਕਿਸੇ ਨੇ ਵੀ ਉਸ ਦੇ ਬਾਰੇ ਨਹੀਂ ਦੱਸਿਆ।

ਹੁਣ ਮੰਮੀ ਦਾ ਦਿਮਾਗ ਠਨਕਿਆ। ਉਹ ਸੋਚਣ ਲੱਗੀ ਕਿ ਕਿਧਰੇ ਨੀਲੂ ਇਕੱਲੀ ਝੀਲ ਦੇ ਪੂਰਬੀ ਕਿਨਾਰੇ ਚਲੀ ਗਈ ਹੋਵੇ। ਸਵੇਰੇ ਜਾਣ ਦੀ ਜ਼ਿੱਦ ਕਰ ਰਹੀ ਸੀ। ਫਿਰ ਕੀ ਸੀ, ਮੰਮੀ ਜਲਦੀ ਹੀ ਉਸ ਦੀ ਖੋਜ ਵਿਚ ਨਿਕਲ ਪਈ।

ਪੂਰਬੀ ਕਿਨਾਰੇ ਉਤੇ ਉਹ ਕਿਤੇ ਵੀ ਨਹੀਂ ਮਿਲੀ। ਮੰਮੀ ਉਤੱਰੀ ਕਿਨਾਰੇ ਵਲ ਵੱਧ ਗਈ। ਉਥੇ ਵੀ ਉਹ ਨਜ਼ਰ ਨਹੀਂ ਆਈ। ਹਾਰ ਕੇ ਮੰਮੀ ਵਾਪਸ ਪੱਛਮੀ ਕਿਨਾਰੇ ਆਪਣੇ ਘਰ ਆ ਗਈ। ਇਕ ਪੜੌਸੀ ਮੱਛੀ ਨੇ ਉਸ ਨੂੰ ਪਰੇਸ਼ਾਨ ਵੇਖ ਕੇ ਪੁੱਛਿਆ ਤਾਂ ਉਸ ਨੇ ਉਸ ਨੂੰ ਨੀਲੂ ਦੇ ਗਾਇਬ ਹੋਣ ਦੀ ਅਤੇ ਗੁਆਚ ਜਾਣ ਦੀ ਗੱਲ ਦੱਸੀ। ਦੱਖਣੀ ਕਿਨਾਰਾ ਲੱਭਣਾ ਬਾਕੀ ਰਹਿ ਗਿਆ ਹੈ,



ਇਹ ਜਾਣਕਾਰੀ ਉਸ ਨੇ ਪੜੋਸੀ ਮੱਛੀਆਂ ਨੂੰ ਦੇ ਦਿੱਤੀ।

ਤਦ ਹੀ ਫੋਨ ਦੀ ਘੰਟੀ ਵੱਜ ਗਈ। ਨੀਲੂ ਦੀ ਮੰਮੀ ਨੇ ਫੋਨ ਕੰਨ ਨੂੰ ਲਗਾ ਕੇ ਕਿਹਾ – ਹੈਲੋ!

ਦੂਜੀ ਤਰਫ ਤੋਂ ਆਵਾਜ਼ ਆਈ – ਕੀ ਤੁਸੀਂ ਨੀਲੂ ਦੀ ਮੰਮੀ ਹੋ?

ਹਾਂ, ਨੀਲੂ ਕਿੱਥੇ ਹੈ?

ਉਹ ਡਰੀ ਸਹਿਮੀ ਹੈ।। ਘਬਰਾਈ ਹੋਈ ਹੈ। ਰੋ ਰਹੀ ਹੈ।

ਤੁਸੀਂ ਕੌਣ ਹੋ?

ਮੈਂ ਕਾਲੂ ਡੱਡੂ ਹਾਂ। ਡੱਡੂਆਂ ਦੀ ਬਸਤੀ ਤੋਂ ਬੋਲ ਰਿਹਾ ਹਾਂ।' ਕਾਲੂ ਨੇ ਅੱਗੇ ਕਿਹਾ – ਨੀਲੂ ਬੋਲ ਰਹੀ ਸੀ ਕਿ ਉਹ ਝੀਲ ਦੇ ਪੂਰਬੀ ਕਿਨਾਰੇ ਸੂਰਜ ਦਾ ਘਰ ਵੇਖਣ ਲਈ ਚੁੱਪਚਾਪ ਆਪਣੇ ਘਰ ਤੋਂ ਇਕੱਲੀ ਨਿਕਲ ਗਈ ਸੀ। ਪਰੰਤੂ ਰਸਤਾ ਭੁੱਲ ਜਾਣ ਕਰਕੇ ਉਹ ਸਾਡੀ ਬਸਤੀ ਵਿਚ ਆ ਗਈ। ਅਸੀਂ ਉਸ ਨੂੰ ਭਰੋਸਾ ਦਿੱਤਾ ਕਿ ਉਸ ਨੂੰ ਘਰ ਪਹੁੰਚਾ ਦੇਵਾਂਗੇ। ਉਸ ਨੇ ਬੜੀ ਮੁਸ਼ਕਿਲ ਨਾਲ ਆਪਣਾ ਨਾਂ ਦੱਸਿਆ ਅਤੇ ਕਈ ਵਾਰ ਪੁੱਛਣ ਤੇ ਆਪਣਾ ਫੋਨ ਦੱਸਿਆ।

– ਕੀ ਤੁਸੀਂ ਮੇਰੀ ਨੀਲੂ ਨਾਲ ਗੱਲ ਕਰਾ ਸਕਦੇ ਹੋ?

– ਕਿਉਂ ਨਹੀਂ !

ਦੋਵੇਂ ਮਾਂ-ਬੇਟੀ ਥੋੜ੍ਹੀ ਦੇਰ ਤਕ ਫੋਨ ਉਤੇ ਇਕ ਦੂਜੇ ਨਾਲ ਗੱਲਾਂ ਕਰ ਕੇ ਚਿੰਤਾ ਮੁਕਤ ਹੋਈਆਂ। ਤਾਂ ਮੰਮੀ ਨੇ ਨੀਲੂ ਨੂੰ ਕਿਹਾ – ਹੁਣ ਤੂੰ ਫੋਨ ਆਪਣੇ ਕਾਲੂ ਚਾਚਾ ਨੂੰ ਦੇ।

ਕਾਲੂ ਡੱਡੂ ਨੇ ਫੋਨ ਉਤੇ ਨੀਲੂ ਦੀ ਮੰਮੀ ਨੂੰ ਕਿਹਾ – ਤੁਸੀਂ ਘਬਰਾਉ ਨਾ ! ਮੈਂ ਨੀਲੂ ਨੂੰ ਲੈ ਕੇ ਤੁਹਾਡੇ ਘਰ ਪਹੁੰਚ ਰਿਹਾ ਹਾਂ।

– ਮੈਂ ਤੁਹਾਡੇ ਦੋਹਾਂ ਦਾ ਇੰਤਜ਼ਾਰ ਕਰ ਰਹੀ ਹਾਂ।

ਕਰੀਬ ਦੋ ਘੰਟੇ ਬਾਅਦ ਕਾਲੂ ਡੱਡੂ ਨੀਲੂ ਮੱਛੀ ਨੂੰ ਲੈ ਕੇ ਉਸ ਦੇ ਘਰ ਆਇਆ ਤਾਂ ਨੀਲੂ ਮੰਮੀ ਨੂੰ ਚਿਪਕ ਕੇ ਜ਼ੋਰ-ਜ਼ੋਰ ਦੀ ਰੋਣ ਲੱਗੀ। ਫਿਰ ਚੁੱਪ ਹੋ ਕੇ ਬੋਲੀ – ਮੈਂ ਹੁਣ ਕਿਸੇ ਵੀ ਗੱਲ ਲਈ ਜ਼ਿੱਦ ਨਹੀਂ ਕਰਾਂਗੀ।

ਮੰਮੀ ਨੇ ਪਿਆਰ ਨਾਲ ਨੀਲੂ ਨੂੰ ਸਮਝਾਇਆ – ਮੇਰੀ ਪਿਆਰੀ ਬੇਟੀ ! ਮੇਰੀ ਗੱਲ ਨਾ ਮੰਨਣ ਅਤੇ ਆਪਣੀ ਜ਼ਿੱਦ ਦਾ ਨਤੀਜਾ ਵੇਖ ਲਿਆ ਨਾ। ਇਹ ਤਾਂ ਤੇਰੇ ਕਾਲੂ ਚਾਚਾ ਚੰਗੇ ਨੇ ਜੋ ਤੈਨੂੰ ਘਰ ਲੈ ਕੇ ਆ ਗਏ ਨੇ। ਨਹੀਂ ਤਾਂ ਅੱਜ-ਕਲ ਬੁਰੇ ਲੋਕਾਂ ਦੀ ਕਮੀ ਨਹੀਂ ਹੈ। ਤੇਰੀ ਜਾਨ ਨੂੰ ਵੀ ਖਤਰਾ ਸੀ।

ਹਾਂ, ਮੰਮੀ ! – ਨੀਲੂ ਨੇ ਗੱਲ ਮੰਨ ਲਈ ਅਤੇ ਜ਼ਿੱਦ ਨਾ ਕਰਨ ਦੀ ਕਸਮ ਖਾਧੀ।

❑ ਸ਼ਾਮਸੁੰਦਰ

# ਇਕ ਲੋਟਾ ਪਾਣੀ

ਇਕ ਦਿਨ ਰਾਜਾ ਜੰਗਲ ਦੀ ਯਾਤਰਾ ਤੇ ਨਿਕਲਿਆ। ਰਸਤੇ ਵਿਚ ਉਹ ਪਿਆਸ ਨਾਲ ਛਟਪਟਾਉਣ ਲਗ ਗਿਆ। ਜੰਗਲ ਵਿਚ ਇਕ ਅੰਨੇ ਵਿਅਕਤੀ ਦੀ ਝੌਂਪੜੀ ਦੇ ਬਾਹਰ ਪਾਣੀ ਦਾ ਇਕ ਮਟਕਾ ਪਿਆ ਦਿਖਾਈ ਦਿੱਤਾ। ਰਾਜਾ ਨੇ ਇਕ ਸਿਪਾਹੀ ਨੂੰ ਪਾਣੀ ਲੈ ਕੇ ਆਉਣ ਦਾ ਆਦੇਸ਼ ਦਿੱਤਾ। ਸਿਪਾਹੀ ਨੇ ਅੰਨੇ ਵਿਅਕਤੀ ਨੂੰ ਕਿਹਾ – ਉਇ ਅੰਨੇ ! ਇਕ ਲੋਟਾ ਪਾਣੀ ਦੇ !

ਅੰਨੇ ਨੇ ਕਿਹਾ – ਜਾ ! ਜਾ !! ਤੇਰੇ ਵਰਗੇ ਸਿਪਾਹੀਆਂ ਨੂੰ ਮੈਂ ਪਾਣੀ ਨਹੀ ਪਿਲਾਉਂਦਾ।' ਇਸ ਤੋਂ ਬਾਅਦ ਰਾਜਾ ਨੇ ਸੈਨਾਪਤੀ ਨੂੰ ਪਾਣੀ ਲੈ ਕੇ ਆਉਣ ਲਈ ਕਿਹਾ। ਸੈਨਾਪਤੀ ਨੇ ਕਿਹਾ – ਉਇ ਅੰਨੇ ! ਇਕ ਲੋਟਾ ਪਾਣੀ ਦੇ, ਬਹੁਤ ਪਿਆਸ ਲੱਗੀ ਹੈ।

ਅੰਨੇ ਨੇ ਕਿਹਾ – ਮਾਫ ਕਰੋ ਸੈਨਾਪਤੀ ਜੀ ! ਮੈਂ ਤੁਹਾਨੂੰ ਪਾਣੀ ਨਹੀਂ ਪਿਲਾ ਸਕਦਾ।'

ਸੈਨਾਪਤੀ ਵੀ ਬਿਨਾ ਪਾਣੀ ਲਏ ਵਾਪਸ ਆ ਗਿਆ। ਅੰਤ ਵਿਚ ਰਾਜਾ ਨੇ ਆਪ ਪਾਣੀ ਲੈ ਕੇ ਆਉਣ ਦਾ ਫੈਸਲਾ ਕੀਤਾ। ਸਭ ਤੋਂ ਪਹਿਲਾਂ ਰਾਜਾ ਨੇ ਵਿਅਕਤੀ ਨੂੰ ਨਮਸ਼ਕਾਰ ਕੀਤੀ ਅਤੇ ਕਿਹਾ – ਮਹਾਤਮਾ ! ਪਿਆਸ ਨਾਲ ਗਲਾ ਸੁੱਕ ਗਿਆ ਹੈ। ਜੇਕਰ ਤੁਸੀਂ ਇਕ ਲੋਟਾ ਪਾਣੀ ਦੇ ਦਿਉ ਤਾਂ ਬੜੀ ਕਿਰਪਾ ਹੋਵੇਗੀ !।

ਅੰਨੇ ਨੇ ਰਾਜਾ ਨੂੰ ਸਤਿਕਾਰਪੂਰਵਕ ਬਿਠਾਇਆ ਅਤੇ ਕਿਹਾ – ਤੁਹਾਡੇ ਵਰਗੇ ਮਨੁੱਖ ਦਾ ਮੈਂ ਰਾਜਾ ਵਾਂਗ ਆਦਰ ਕਰਦਾ ਹਾਂ। ਪਾਣੀ ਕੀ, ਮੇਰਾ ਸਾਰਾ ਸ਼ਰੀਰ ਤੁਹਾਡੀ ਸੇਵਾ ਲਈ ਹਾਜ਼ਿਰ ਹੈ। ਹੋਰ ਕੋਈ ਸੇਵਾ ਹੋਵੇ ਤਾਂ ਦੱਸੋ।''


ਰਾਜਾ ਨੇ ਸ਼ੀਤਲ ਜਲ ਨਾਲ ਪਿਆਸ ਬੁਝਾਈ ਅਤੇ ਪਿਆਰ ਨਾਲ ਪੁੱਛਿਆ – ਤੁਸੀਂ ਵੇਖ ਨਹੀਂ ਸਕਦੇ ਫਿਰ ਵੀ ਤੁਸੀਂ ਸਿਪਾਹੀ, ਸੈਨਾਪਤੀ ਅਤੇ ਰਾਜਾ ਨੂੰ ਕਿਵੇਂ ਪਛਾਣ ਲਿਆ?

ਅੰਨੇ ਨੇ ਕਿਹਾ – ਬੋਲੀ ਦੇ ਵਿਹਾਰ ਨਾਲ ਹਰ ਵਿਅਕਤੀ ਦੇ ਅਸਲੀ ਰੂਪ ਦਾ ਪਤਾ ਲਗ ਜਾਂਦਾ ਹੈ। ■



❑ ਬਲਵਿੰਦਰ ਬਾਲਮ

# ਪਾਠਸ਼ਾਲਾ (ਸਕੂਲ)



ਜ਼ਿੰਦਗੀ ਨੂੰ ਅਰਥ ਸੁੱਚੇ ਬਖ਼ਸ਼ਦੀ ਹੈ ਪਾਠਸ਼ਾਲਾ।
ਅਰਚਨਾ ਪੂਜਾ ਸ਼ਿਵਾਲਾ ਬੰਦਗੀ ਹੈ ਪਾਠਸ਼ਾਲਾ।
ਨੇਰ੍ਹਿਆਂ ਨੂੰ ਰੌਸ਼ਨੀ ਦੀ ਇਕ ਨਵੀਂ ਤਜਵੀਜ਼ ਦਿੰਦੀ,
ਚਮਕਦਾ ਸੂਰਜ ਸਿਤਾਰਾ ਦੋਸਤੀ ਹੈ ਪਾਠਸ਼ਾਲਾ।
ਆਲਸੀ ਕਮਜ਼ੋਰ ਆਦਤ ਇਸ ਨੂੰ ਲਗਦੀ ਨਹੀਂ ਚੰਗੀ,
ਮਿਹਨਤੀ ਬਚਿਆਂ ਨੂੰ ਦਿੰਦੀ ਜ਼ਿੰਦਗੀ ਹੈ ਪਾਠਸ਼ਾਲਾ।
ਇਹ ਕਿਸੇ ਵਿਗਿਆਨ ਦੀ ਉਂਗਲੀ 'ਚ ਪੂਰੀ ਬੈਠਦੀ ਹੈ,
ਬਹੁਤ ਹੀ ਜ਼ਿਆਦਾ ਕੀਮਤੀ ਹੁੰਦੀ ਹੈ ਪਾਠਸ਼ਾਲਾ।
ਇਸ ਚੋਂ ਖੁਸ਼ਬੂ ਫੈਲਦੀ ਹੈ ਚਮਨ ਦੀ ਸ਼ੁਹਰਤ ਬਣ ਕੇ,
ਪਾਕ ਸ਼ੁੱਧ ਪੱਤਿਆਂ'ਚ ਖਿੜਦੀ ਹੈ ਪਾਠਸ਼ਾਲਾ।
ਇਹ ਸਿਖਾਉਂਦੀ ਪਿਆਰ ਤੇ ਤਹਿਜ਼ੀਬ ਦੀ ਗੱਲ,
ਟੀਚਰ ਤੇ ਬੱਚਿਆਂ ਦੇ ਮੋਢਿਆਂ ਤੇ ਪਾਲਕੀ ਹੈ ਪਾਠਸ਼ਾਲਾ।
ਇਸ ਦੇ ਅੰਬਰ ਵਿਚ ਕਰੋੜਾਂ ਤਾਰਿਆਂ ਦੀ ਚਮਕ ਹੈ,
ਲੱਖ ਕਰੋੜਾਂ ਸੂਰਜਾਂ ਦੀ ਰੋਸ਼ਨੀ ਹੈ ਪਾਠਸ਼ਾਲਾ।
'ਬਾਲਮ' ਇਹ ਮਾਂ ਹੈ, ਬਾਪੂ ਹੈ, ਗੁਰੂ ਹੈ, ਰੱਬ ਹੈ,
ਹੁੰਦੀ ਇਕ ਤਪੱਸਿਆ ਅਤੇ ਆਸ਼ਕੀ ਹੈ ਪਾਠਸ਼ਾਲਾ।



# ਰੰਗ ਭਰੋ






ਨਾਂ ............................................................................ ਉਮਰ..........

ਪੂਰਾ ਪਤਾ.......................................................................................

...........................................................................................................

...........................................................................................................

# ਮਾਰਚ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜ਼ਾ

**ਪਹਿਲਾ ਨੰ :**

ਸ਼ਰਨਪ੍ਰੀਤ ਸਿੰਘ (ਉਮਰ 11 ਸਾਲ)
ਪਿੰਡ ਤੇ ਡਾਕਖਾਨਾ - ਰਾਮਗੜ੍ਹ ਸੰਧੂਆਂ
ਜਿਲਾ - ਸੰਗਰੂਰ (ਪੰਜਾਬ)

**ਦੂਸਰਾ ਨੰ :**

ਸ਼ਿਵਪ੍ਰੀਤ ਸਿੰਘ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ - ਅਮਰਾਲੀ
ਜਿਲਾ - ਰੋਪੜ (ਪੰਜਾਬ)

**ਤੀਸਰਾ ਨੰ :**

ਸੁਨੀਤਾ (ਉਮਰ 13 ਸਾਲ)
ਗਲੀ ਨੰ : 2, ਨਵੀਂ ਆਬਾਦੀ
ਨਵਾਂ ਸ਼ਹਿਰ
ਜਿਲਾ - ਸ਼ਹੀਦ ਭਗਤ ਸਿੰਘ ਨਗਰ (ਪੰਜਾਬ)

## ਪਸੰਦ ਕੀਤੇ ਗਏ -

ਸੰਦੀਪ ਕੌਰ, ਜਸਲੀਨ ਕੌਰ
(ਚੰਦਿਆਈ ਖੁਰਦ)
ਅਮ੍ਰਿਤ ਖੁਰਾਨਾ (ਜਲੰਧਰ)
ਅਰਸ਼ਦੀਪ ਕੌਰ (ਸੂਲਰ)
ਏਕਤਾ (ਹਰੀਕੇ ਪੱਤਣ)
ਵਿਧਿਤ (ਖੁਸ਼ਹਾਲਪੁਰ)
ਯਸ਼ਿਕਾ (ਡੇਰਾ ਬਾਬਾ ਨਾਨਕ)
ਸਮਰਥ ਅਹੂਜਾ (ਰਾਜਪੁਰਾ)
ਸ਼ਿਵਮ ਸ਼ਰਮਾ (ਭਮਾਰਸੀ)
ਸੁਖਪ੍ਰੀਤ ਸਿੰਘ (ਮਾਨਸਾ)
ਸਾਹਿਲ ਸੇਠੀ (ਤਲਵੰਡੀ ਭਾਈ)
ਗੁਰਪ੍ਰੀਤ ਸਿੰਘ (ਰਣਜੀਤ ਵਿਹਾਰ)
ਸਿਮਰਨ ਕੌਰ (ਧਰਮਪੁਰਾ)
ਸ਼ੁੱਭਮ (ਪੁਰ ਹੀਰਾਂ)
ਸਹਿਜ ਬਾਂਸਲ (ਪਾਤੜਾਂ)
ਸੁਖਮਨਦੀਪ ਕੌਰ (ਭਲੂਰ)
ਹਰਲੀਨ ਕੌਰ (ਲਾਂਡਰਾਂ)
ਹੈਵਨ ਸੁਮਨ (ਫਗਵਾੜਾ)
ਗੁਰਮੁਖ ਨੂਰ (ਰਣਜੀਤ ਵਿਹਾਰ)
ਜਨਤ-ਮਨਤ (ਛੇਹਰਟਾ)
ਜਸ਼ਨ ਚਹਿਲ (ਹੀਰੋਂ ਖੁਰਦ)।




## ਮਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਮਈ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜੁਲਾਈ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



❑ ਰੂਪਨਾਰਾਇਣ

# ਚੰਦਰਗੁਪਤ ਅਤੇ ਹੈਲੇਨ

ਸਿਕੰਦਰ ਦੀ ਮੌਤ ਦੇ ਬਾਅਦ ਉਹਨਾਂ ਦੇ ਉਤਰਾਧਿਕਾਰੀ ਸੈਨਾਪਤੀ ਸਲਯੂਕਸ ਨੇ ਆਪਣੇ ਸਮਰਾਟ ਦੇ ਅਧੂਰੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਲਿਆ। ਉਸ ਨੇ ਵੀ ਭਾਰਤ ਉਤੇ ਹਮਲੇ ਕੀਤੇ ਅਤੇ ਪੰਜਾਬ ਵਿਚ ਆ ਕੇ ਟਿਕ ਗਿਆ।

ਚਾਣਕਿਆ ਦੇ ਨਿਰਦੇਸ਼ ਦੇ ਅਨੁਸਾਰ ਰਾਜਕੁਮਾਰ ਚੰਦਰਗੁਪਤ ਮੌਰੀਆ ਯੂਨਾਨੀ ਸੈਨਾ ਵਿਚ ਉਹਨਾਂ ਦੀ ਰਣਨੀਤੀ ਅਤੇ ਯੋਜਨਾ ਨੂੰ ਜਾਨਣ-ਸਮਝਣ ਲਈ ਭੇਸ ਬਦਲ ਕੇ ਪੁੱਜ ਗਿਆ। ਇਕ ਦਿਨ ਇਕ ਮਸਤ ਹਾਥੀ ਦੇ ਚੰਗੁਲ ਵਿਚ ਸੇਲਯੂਕਲ ਦੀ ਕੁੜੀ ਹੈਲੇਨ ਆ ਗਈ। ਹਾਥੀ ਨੇ ਹੈਲੇਨ ਨੂੰ ਆਪਣੀ ਸੁੰਡ ਵਿਚ ਲਪੇਟ ਕੇ ਚੁੱਕ ਲਿਆ। ਹਜ਼ਾਰਾਂ ਯੂਨਾਨੀ ਸਿਪਾਹੀ ਉਥੇ ਸਨ ਲੇਕਿਨ ਹੈਲੇਨ ਨੂੰ ਹਾਥੀ ਤੋਂ ਬਚਾਉਣ ਦੀ ਹਿੰਮਤ ਕਿਸੇ ਵਿਚ ਨਹੀਂ ਸੀ।

ਚੰਦਰਗੁਪਤ ਨੇ ਇਹ ਵੇਖਿਆ। ਉਹ ਬਹਾਦੁਰ ਸੀ। ਕੁੜੀ ਹੈਲੇਨ ਦੀ ਜਾਨ ਖਤਰੇ ਵਿਚ ਵੇਖ ਕੇ ਉਹ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਉਹ ਭੁੱਲ ਗਿਆ ਕਿ ਉਹ ਦੁਸ਼ਮਣ ਦੇ ਕੈਂਪ ਵਿਚ ਹੈ। ਜ਼ਰਾ ਜਿਨੀ ਦੇਰ ਵੀ ਹੈਲੇਨ ਦੀ ਜਾਨ ਲੈ ਸਕਦੀ ਹੈ। ਉਸ ਨੇ ਝਪੱਟਾ ਮਾਰਿਆ ਅਤੇ ਆਪਣੀ ਤਾਕਤ ਅਤੇ ਕੁਸ਼ਲਤਾ ਨਾਲ ਹਾਥੀ ਨੂੰ ਕੰਟਰੋਲ ਵਿਚ ਕਰਕੇ ਹੈਲੇਨ ਨੂੰ ਬਚਾ ਲਿਆ।

ਸੈਲਯੂਕਸ ਬਹੁਤ ਖੁਸ਼ ਹੋਇਆ ਅਤੇ ਜਦੋਂ ਉਸ ਨੂੰ ਚੰਦਰਗੁਪਤ ਦੀ ਅਸਲੀਅਤ ਬਾਰੇ ਪਤਾ ਲਗਿਆ ਤਾਂ ਉਹ ਆਪਣੇ ਦੁਸ਼ਮਣ ਚੰਦਰਗੁਪਤ ਦੀ ਬਹਾਦੁਰੀ ਅਤੇ ਇਨਸਾਨੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਹੋਰ ਇਲਾਕੇ ਜਿੱਤਣ ਦੇ ਇਰਾਦੇ ਛੱਡ ਦਿੱਤੇ। ਉਸ ਨੇ ਚੰਦਰਗੁਪਤ ਨਾਲ ਦੋਸਤੀ ਕੀਤੀ ਅਤੇ ਆਪਣੀ ਬੇਟੀ ਹੈਲੇਨ ਦੀ ਸ਼ਾਦੀ ਉਸ ਨਾਲ ਕਰ ਦਿੱਤੀ। ਬੇਸ਼ੁਮਾਰ ਦੌਲਤ ਅਤੇ ਕਾਬੁਲ ਕੰਧਾਰ ਦਾ ਰਾਜ ਚੰਦਰਗੁਪਤ ਨੂੰ ਭੇਟ ਵਿਚ ਦੇ ਦਿੱਤਾ।

❑ ਡਾ. ਬਾਨੋ ਸਰਤਾਜ

# ਸੂਫੀ ਸੰਤਾਂ ਦਾ ਪਵਿੱਤਰ ਸਥਾਨ ਮਨੇਰ ਸ਼ਰੀਫ



**ਮਨੇਰ** ਕਿਸੇ ਸਮੇਂ ਮੁਸਲਿਮ ਸੰਸਕ੍ਰਿਤੀ ਦਾ ਬਿਹਾਰ ਵਿਚ ਸਭ ਤੋਂ ਪੁਰਾਣਾ ਕੇਂਦਰ ਸੀ। ਗਿਆਰਵੀਂ ਸ਼ਤਾਬਦੀ ਵਿਚ ਅਤੇ ਉਸ ਤੋਂ ਬਾਅਦ ਵੀ ਇਹ ਸੂਫ਼ੀ ਫਕੀਰਾਂ ਦਾ ਅਧਿਆਤਮਿਕ ਕੇਂਦਰ ਬਣਿਆ ਰਿਹਾ। ਮਨੇਰ ਵਿਚ ਸਮੁੱਚੇ ਹਿੰਦੁਸਤਾਨ ਤੋਂ ਸੂਫ਼ੀ ਸੰਤ ਆਉਂਦੇ ਸਨ ਅਤੇ ਸੂਫ਼ੀਵਾਦ ਦੇ ਫੈਲਾਅ ਲਈ ਤਰਕੀਬ ਸੋਚਦੇ ਸਨ। ਮਨੇਰ ਦੇ ਪਾਕ-ਫਕੀਰਾਂ ਦੀ ਸੰਗਤ ਵਿਚ ਆਉਣ ਲਈ ਸੂਬੇਦਾਰਾਂ , ਅਮੀਰ ਮੁਗਲਾਂ ਵਿਚ ਮਨੇਰ ਦਾ ਨਾਂ ਬੜੀ ਇਜੱਤ ਨਾਲ ਲਿਆ ਗਿਆ। ਅੱਜ ਵੀ ਮੁਸਲਮਾਨਾਂ ਦੇ ਦਿਲ ਵਿਚ ਇਸ ਦੇ ਪ੍ਰਤੀ ਬਹੁਤ ਆਦਰ ਹੈ। ਸਾਲ ਵਿਚ ਇਥੇ ਦੋ ਵਾਰ ਦੋ ਫਕੀਰਾਂ ਦੀ ਯਾਦ ਮਨਾਈ ਜਾਂਦੀ ਹੈ। ਉਸ ਸਮੇਂ ਮੁਸਲਮਾਨਾਂ ਦਾ ਵੱਡਾ ਮੇਲਾ ਲਗਦਾ ਹੈ।

ਪਰੰਪਰਾ ਤੋਂ ਕਹਾਣੀ ਚਲੀ ਆਉਂਦੀ ਹੈ ਅਤੇ ਚੱਟਾਨਾ ਉਤੇ ਖੋਦੇ ਲੇਖਾਂ ਨਾਲ ਸਾਬਿਤ ਹੁੰਦਾ ਹੈ ਕਿ ਮੁਹੰਮਦ-ਬਿਨਾ-ਬਖਤਿਆਰ ਦੀ ਲੜਾਈ ਤੋਂ ਬਹੁਤ ਪਹਿਲਾਂ ਮਨੇਰ ਤੁਰਕਾਂ ਦੇ ਕਬਜੇ ਵਿਚ ਸੀ। ਮਨੇਰ ਦੇ ਉੱਤਰ ਪੂਰਬ ਕੋਨੇ ਤੇ ਹੁਣ ਵੀ ਉਚੱਾ ਗੜ੍ਹ ਹੈ। ਉਹ ਹੀ ਰਾਜਾ ਦਾ ਕਿਲਾ ਸੀ। ਮਨੇਰ ਵਿਚ ਇਸ ਵੇਲੇ ਦੋ ਦਰਗਾਹਾਂ ਹਨ, ਵੱਡੀ ਅਤੇ ਛੋਟੀ। ਵੱਡੀ ਦਰਗਾਹ ਬਿਹਾਰ ਦੇ ਮੁਸਲਮਾਨੀ ਧਰਮ-ਸਥਾਨਾਂ ਵਿਚ ਸਭ ਤੋਂ ਵੱਧ ਪਵਿੱਤਰ ਗਿਣੀ ਜਾਂਦੀ ਹੈ। ਇਸ ਵਿਚ ਮਹਾਨ ਸੂਫ਼ੀ ਸੰਤ ਹਜਰਤ ਮਖਦੂਮ ਯਹਿਆ ਮਨੇਰੀ ਦੀ ਕਬਰ ਹੈ। ਉਹ ਹਜਰਤ ਤਾਜ ਫਕੀਰ ਦੇ ਪੋਤੇ ਸਨ। ਵੱਡੀ ਦਰਗਾਹ ਦੇ ਦੱਖਣ ਵਿਚ ਤਾਜੂਦੀਨ ਖੰਡਗਾਹ ਸਾਹਿਬ ਦੀ ਮਜਾਰ ਹੈ। ਦਰਗਾਹ ਦੇ ਉਤਰੀ ਫਾਟਕ ਉਤੇ ਇਕ ਸ਼ੇਰ ਇਕ ਹਾਥੀ ਨੂੰ ਆਪਣੇ ਚਾਰੇ ਪੰਜਿਆਂ ਨਾਲ ਦਬੋਚੇ ਹੋਏ ਹੈ। ਇਹ ਮੱਧਯੁਗ ਦੀ ਮੂਰਤੀ ਹੈ। ਕਿਹਾ ਜਾਂਦਾ ਹੈ ਕਿ ਸੁਲਤਾਨ ਸਿਕੰਦਰ ਲੋਧੀ ਵੀ ਕਿਸੇ ਸਮੇਂ ਇਸ ਦਰਗਾਹ ਦਾ ਦਰਸ਼ਨ ਕਰਨ ਆਇਆ ਸੀ।

ਛੋਟੀ ਦਰਗਾਹ ਵਿਚ ਸ਼ਾਹ ਦੌਲਤ ਦਾ ਮਕਬਰਾ ਹੈ। ਇਹ ਬੜੀ ਖ਼ੂਬਸੂਰਤ ਇਮਾਰਤ ਹੈ। ਸਮੁੱਚੀ ਦਰਗਾਹ ਚੁਨਾਰ ਦੇ ਸੁੰਦਰ ਪੱਥਰ ਨਾਲ ਬਣੀ ਹੈ। ਦਰਗਾਹ ਉਚੇ ਚਬੂਤਰੇ ਉਤੇ ਬਣੀ ਹੈ। ਇਸ ਦਾ ਕਮਰਾ ਗੋਲ ਹੈ ਅਤੇ ਚਾਰੇ ਪਾਸੇ ਵਿਹੜਾ ਹੈ। ਵਿਹੜੇ ਦੀ ਉਚੀ ਛੱਤ ਵਿਚ ਬੜੀ ਹੀ ਕਾਰੀਗਿਰੀ ਨਾਲ ਫੁੱਲ ਪੱਤੀ ਅਤੇ ਰੇਖਾ ਗਣਿਤ ਦੇ ਚਿੱਤਰ ਬਣੇ ਹੋਏ ਹਨ ਅਤੇ ਕੁਰਾਨ ਸ਼ਰੀਫ ਦੀਆਂ


ਆਇਤਾਂ ਵੀ ਬਹੁਤ ਸੁੰਦਰ ਢੰਗ ਨਾਲ ਲਿਖੀਆਂ ਗਈਆਂ ਹਨ। ਪੱਥਰ ਦੀਆਂ ਇਹਨਾਂ ਨੱਕਾਸ਼ੀਆਂ ਦੀ ਤੁਲਨਾ ਪ੍ਰਸਿਧ ਫਤਿਹਪੁਰ ਸੀਕਰੀ ਦੀਆਂ ਉੱਤਮ ਤੋਂ ਉੱਤਮ ਨੱਕਾਸ਼ੀਆਂ ਨਾਲ ਕੀਤੀ ਜਾਂਦੀ ਹੈ। ਦਰਗਾਹ ਦੇ ਅੰਦਰ ਦੋਵੇਂ ਪਾਸੇ ਪੱਥਰ ਦੇ ਉਚੇ ਉਚੇ ਖੰਬੇ ਹਨ ਅਤੇ ਉਹਨਾਂ ਦੇ ਵਿਚਕਾਰ ਇਕ ਪਤਲੀ ਦੀਵਾਰ ਹੈ। ਸਮਾਧੀ ਨੂੰ ਛਾਂ ਦਿੰਦਾ ਹੋਇਆ ਗੁੰਬਦ ਬੜੇ ਅਨੋਖੇ ਢੰਗ ਦਾ ਹੈ। ਮਖਦੂਮ ਸ਼ਾਹ ਦੌਲਤ ਦੀ ਕਬਰ ਵਿਚਕਾਰ ਹੈ, ਉਸ ਦੇ ਪੂਰਬ ਵੱਲ ਉਹਨਾਂ ਦੀ ਪਤਨੀ ਦੀ ਹੈ। ਦਰਗਾਹ ਦੇ ਅਹਾਤੇ ਵਿਚ ਪੱਛਮ ਵੱਲ ਇਕ ਮਸਜਿਦ ਹੈ ਜਿਸ ਵਿਚ ਗੁੰਬਦ ਨਹੀਂ ਹਨ ਲੇਕਿਨ ਉਸ ਉਤੇ ਇਕ ਲੰਮੀ ਛੱਤ ਹੈ, ਜੋ ਸੰਨ 1619 ਵਿਚ ਬਣੀ ਸੀ। ਦੱਖਣੀ ਕੋਨੇ ਉਤੇ ਜਮੀਨ ਦੇ ਅੰਦਰ ਇਕ ਕੋਠੜੀ ਹੈ। ਕਿਹਾ ਜਾਂਦਾ ਹੈ ਕਿ ਹਜਰਤ ਮਖਦੂਮ ਸ਼ਾਹ ਦੌਲਤ ਇਸ ਵਿਚ ਬੈਠ ਕੇ ਖੁਦਾ ਦਾ ਧਿਆਨ ਕਰਦੇ ਸਨ। ਦਰਗਾਹ ਦਾ ਜੋ ਦਰਵਾਜਾ ਹੈ ਉਸ ਦੀ ਛੱਤ ਗੁੰਬਜਨੁਮਾ ਹੈ ਅਤੇ ਉਸਦੇ ਕਿਨਾਰੇ ਤੇ ਉਚੀਆਂ ਮੀਨਾਰਾਂ ਹਨ ਜਿੰਨ੍ਹਾਂ ਵਿਚ ਛੱਤ ਤੇ ਜਾਣ ਲਈ ਪੌੜੀਆਂ ਬਣੀਆਂ ਹਨ। ਦਰਵਾਜਾ ਅਤੇ ਮੀਨਾਂਰਾਂ ਦੇ ਅਗਲੇ ਪਾਸੇ ਜਾਲੀਦਾਰ ਖਿੜਕੀਆਂ ਅਤੇ ਗੁੰਬਜਦਾਰ ਮੋਛੇ ਬਣੇ ਹੋਏ ਹਨ। ਦਰਗਾਹ ਦੇ ਦੱਖਣ ਵਲ ਇਕ ਵੱਡਾ ਤਲਾਬ ਹੈ।

ਛੋਟੀ ਦਰਗਾਹ ਤੋਂ ਪੱਛਮ ਵਲ ਮਖਦੂਮ ਸ਼ਾਹ ਬਾਰਨ ਮਲਿਕੁਲ ਦੀ ਕਬਰ ਹੈ। ਇਹ ਹਜਰਤ ਸ਼ੇਰਸ਼ਾਹ ਸੂਰੀ ਦੇ ਪੀਰ ਸਨ। ਮਸਜਿਦ ਦੇ ਕੋਲ ਹਜਰਤ ਮੋਮਿਨ ਆਰਿਫ ਦੀ ਕਬਰ ਹੈ ਅਤੇ ਰਾਜਮਹਿਲ ਦੀ ਮਰਦਾਨਾ ਬੈਠਕ ਵਿਚ ਪੱਥਰ ਦੇ ਚਾਲੀ ਪਾਵੇ ਅਤੇ ਇਕ ਹੀ ਪੱਥਰ ਦੀ ਛੱਤ ਦਾ ਦਾਲਾਨ ਹੈ। ਰਾਜੇ ਨੂੰ ਹਰਾਉਣ ਤੋਂ ਬਾਅਦ ਹਜਰਤ ਤਾਜ ਫਕਰਹ ਸਾਹਿਬ ਨੇ ਉਥੇ ਹੀ ਅਰਾਮ ਕੀਤਾ ਸੀ। ਕਿਹਾ ਜਾਂਦਾ ਹੈ ਕਿ ਰਾਜੇ ਦੇ ਰਾਜਮਹਿਲ ਦੇ ਇਸ ਦਾਲਾਨ ਵਿਚ ਹਜਰਤ ਮਖਦੂਮ ਯਹਿਆ ਪੈਦਾ ਹੋਏ ਸਨ। ਉਥੇ ਇਕ ਅਨੋਖੀ ਚੌਕੀ, ਕਾਠ ਦੇ ਇਕ ਹੀ ਟੁਕੜੇ ਨਾਲ ਬਣੀ ਹੈ। ਇਸ ਚੌਕੀ ਤੇ ਬੈਠ ਕੇ ਹਜਰਤ ਮਖਦੂਮ ਸ਼ਰਫੂਦੀਨ ਦੀ ਮਾਂ ਇਬਾਦਤ ਕਰਦੀ ਸੀ। ਹਜਰਤ ਰੁਕਨੁਦੀਨ ਚਿਸ਼ਤਿਆ ਸੰਪਰਦਾਇ ਦੇ ਸੂਫੀ ਸਨ, ਜੋ ਹਜਰਤ ਮਖਦੂਮ ਯਹਿਆ ਦੇ ਗੁਰੂ ਸਨ। ਉਹਨਾਂ ਦੀ ਸਮਾਧੀ ਵੀ ਉਥੇ ਹੀ ਹੈ।

❑ ਕਿਸ਼ੋਰ ਡੈਨੀਅਲ

# ਸੁਕਰਾਤ ਦੀ ਸਹਿਨਸ਼ੀਲਤਾ

ਯੂਨਾਨ ਵਿਚ ਇਕ ਮਹਾਨ ਦਾਰਸ਼ਨਿਕ ਹੋਏ ਹਨ। ਉਹਨਾਂ ਦਾ ਨਾਂ ਸੁਕਰਾਤ ਸੀ। ਉਹ ਆਪਣੇ ਵਿਚਾਰਾਂ ਵਿਚ ਐਨਾ ਡੁੱਬੇ ਰਹਿੰਦੇ ਸਨ ਕਿ ਅਕਸਰ ਉਹਨਾਂ ਦੀ ਪਤਨੀ ਉਹਨਾਂ ਦੀ ਰਾਹ ਵੇਖਦੀ-ਵੇਖਦੀ ਥੱਕ ਜਾਂਦੀ ਸੀ ਪਰ ਉਹ ਆਪਣੀ ਆਦਤ ਨੂੰ ਬਦਲ ਨਹੀਂ ਸਕੇ।



ਇਕ ਦਿਨ ਦੀ ਗੱਲ ਹੈ। ਉਹ ਆਪਣੀ ਮਿੱਤਰ ਮੰਡਲੀ ਵਿਚ ਬੈਠੇ ਰਹਿਣ ਦੇ ਕਾਰਣ ਬਹੁਤ ਦੇਰ ਨਾਲ ਘਰ ਆਏ। ਉਹਨਾਂ ਦੀ ਪਤਨੀ ਝਗੜਾਲੂ ਅਤੇ ਗਰਮ ਸੁਭਾਅ ਦੀ ਸੀ। ਉਹਨਾਂ ਦੇ ਦੇਰ ਨਾਲ ਆਉਣ ਤੇ ਉਹਨਾਂ ਦੀ ਪਤਨੀ ਬਹੁਤ ਗੁੱਸੇ ਵਿਚ ਸੀ। ਗੁੱਸੇ ਵਿਚ ਉਹਨਾਂ ਨੂੰ ਬਹੁਤ ਕੁਝ ਸੁਣਾ ਦਿਤਾ। ਸੁਕਰਾਤ ਚੁਪਚਾਪ ਉਸ ਦੀਆਂ ਗੱਲਾਂ ਸੁਣਦੇ ਰਹੇ ਅਤੇ ਭੋਜਨ ਕਰਦੇ ਰਹੇ। ਜਦ ਉਹਨਾਂ ਨੇ ਭੋਜਨ ਕਰ ਲਿਆ ਤਾਂ ਮਾਫੀ ਦੇ ਭਾਵ ਨਾਲ ਆਪਣੀ ਪਤਨੀ ਵਲ ਵੇਖਿਆ। ਇਸ ਨਾਲ ਪਤਨੀ ਦਾ ਗੁੱਸਾ ਹੋਰ ਵੀ ਤੇਜ਼ ਹੋ ਗਿਆ।

ਸੁਕਰਾਤ ਨੇ ਵੇਖਿਆ ਕਿ ਉਸ ਦਾ ਗੁੱਸਾ ਸ਼ਾਂਤ ਨਹੀ ਹੋ ਰਿਹਾ ਤਾਂ ਉਹ ਘਰ ਤੋਂ ਬਾਹਰ ਜਾਣ ਲੱਗੇ।ਉਸ ਦੀ ਪਤਨੀ ਇਸ ਤੋਂ ਹੋਰ ਵੀ ਗੁੱਸਾ ਹੋ ਗਈ। ਉਹ ਆਪਣੇ ਗੁੱਸੇ ਤੇ ਕਾਬੂ ਨਹੀ ਕਰ ਪਾਈ ਅਤੇ ਘਰ ਵਿਚ ਸਫੇਦੀ ਕਰਨ ਲਈ ਪਏ ਚੂਨੇ ਦੇ ਘੋਲ ਨੂੰ ਉਹਨਾਂ ਉਤੇ ਉੜੇਲ ਦਿੱਤਾ।

ਸੁਕਰਾਤ ਨੇ ਹੱਸ ਕੇ ਕਿਹਾ - ਮੈਂ ਸੁਣਿਆ ਸੀ ਕਿ ਪਹਿਲਾਂ ਬੱਦਲ ਗਰਜਦੇ ਹਨ ਅਤੇ ਫਿਰ ਬਰਸਦੇ ਹਨ। ਤੁਸੀ ਜਦੋਂ ਗਰਜ ਰਹੇ ਸੀ ਤਾਂ ਮੈਂ ਵੇਖਿਆ ਕਿ ਬਰਸੋਗੇ ਵੀ ਪਰ ਐਨੇ ਵਿਚ ਕੰਮ ਚਲ ਗਿਆ ਕਿ ਬਿਜਲੀ ਨਹੀ ਡਿੱਗੀ।

ਇਹ ਸੁਣਦੇ ਹੀ ਉਹਨਾਂ ਦੀ ਪਤਨੀ ਇਕਦਮ ਸ਼ਾਂਤ ਹੋ ਗਈ ਅਤੇ ਆਪਣੇ ਗੁੱਸੇ ਉਤੇ ਪਛਤਾਵਾ ਕਰਨ ਲੱਗੀ।

# ਕਦੇ ਨਾ ਭੁੱਲੋ

- ਪਿਆਰ, ਨਿਮਰਤਾ, ਵਿਸ਼ਾਲਤਾ ਅਤੇ ਹਮਦਰਦੀ ਹੀ ਮਾਨਵਤਾ ਦੇ ਸਭ ਤੋਂ ਉੱਤਮ ਗੁਣ ਹਨ।
- ਅਸੀਂ ਇਕ ਦੂਜੇ ਦੇ ਦੁਖਦਰਦ ਅਤੇ ਤਕਲੀਫ ਨੂੰ ਸਮਝੀਏ ਅਤੇ ਦੂਰ ਕਰਨ ਵਿਚ ਮਦਦਗਾਰ ਬਣੀਏ।
- ਦੂਸਰਿਆਂ ਦੇ ਰਾਹ ਵਿਚ ਉਲਝਣਾ ਅਤੇ ਮੁਸ਼ਕਲਾਂ ਪੈਦਾ ਕਰਨੀਆਂ ਇਹ ਦੁਨੀਆਂ ਦਾ ਕੰਮ ਹੈ, ਪਰ ਅਸੀਂ ਮਨ-ਵਚਨ ਕਰਮ ਨਾਲ ਉਹਨਾਂ ਦਾ ਹੱਲ ਲੱਭਣ ਦਾ ਯਤਨ ਕਰੀਏ।
- ਆਪਣੇ ਆਪ ਨੂੰ ਸਮਝਾਉਣ ਵਾਸਤੇ ਹੀ ਨਿਰੰਕਾਰ ਨੇ ਸਾਨੂੰ ਸਮਝ ਦਿਤੀ ਹੈ ਪਰ ਅਸੀਂ ਦੂਜਿਆਂ ਵੱਲ ਉਂਗਲੀ ਕਰਕੇ ਉਹਨਾਂ ਨੂੰ ਸਮਝਾਉਣ ਲਗ ਪੈਂਦੇ ਹਾਂ। ਸਾਨੂੰ ਆਪਣੇ ਆਪ ਵਲ ਵੇਖਣਾ ਚਾਹੀਦਾ ਹੈ।

(ਸਤਿਗੁਰ ਮਾਤਾ ਸਵਿੰਦਰ ਹਰਦੇਵ ਜੀ)

- ਮਹਾਨ ਪੁਰਸ਼ ਦੀ ਪਹਿਲੀ ਪਹਿਚਾਣ ਹੈ ਉਸ ਦੀ ਨਿਮਰਤਾ।
- ਜੇਕਰ ਨਿਮਰਤਾ ਦੇ ਪਿੱਛੇ ਸਵਾਰਥ ਹੈ ਤਾਂ ਉਹ ਢੌਂਗ ਹੈ।

- ਬੀਚਰ

- ਜਦ ਆਪ ਕਿਸੇ ਵਿਅਕਤੀ ਨੂੰ ਧੋਖਾ ਦੇ ਰਹੇ ਹੁੰਦੇ ਹੋ ਤਾਂ ਆਪ ਆਪਣੇ - ਆਪ ਨੂੰ ਵੀ ਧੋਖਾ ਦੇ ਰਹੇ ਹੁੰਦੇ ਹੋ।
- ਸਭ ਵੱਡੀਆਂ ਗਲਤੀਆਂ ਦਾ ਮੂਲ ਕਾਰਣ ਅਹੰਕਾਰ ਹੀ ਹੁੰਦਾ ਹੈ।

- ਰਸਕਿਨ

- ਧੀਰਜ ਰੱਖਣਾ ਬੜਾ ਮੁਸ਼ਕਲ ਕੰਮ ਹੈ ਪਰ ਉਸ ਦਾ ਫਲ ਮਿੱਠਾ ਹੀ ਹੁੰਦਾ ਹੈ।
- ਜੋ ਵਿਅਕਤੀ ਮੁਸ਼ਕਿਲ ਵਿਚ ਵੀ ਘਬਰਾਉਂਦਾ ਨਹੀਂ, ਅਸਲ ਵਿਚ ਉਸ ਨੂੰ ਧੀਰਜਵਾਨ ਕਿਹਾ ਜਾਂਦਾ ਹੈ।

- ਰਾਮਕ੍ਰਿਸ਼ਣ ਪਰਮਹੰਸ

- ਆਪਣੇ ਅਹੰਕਾਰ ਉਤੇ ਕਾਬੂ ਰੱਖਣਾ ਹੀ ਪ੍ਰਭੂ ਦੀ ਸੇਵਾ ਹੈ।
- ਅਹੰਕਾਰ ਹੀ ਨਰਕ ਦਾ ਮੂਲ ਕਾਰਣ ਹੁੰਦਾ ਹੈ।

- ਮਹਾਭਾਰਤ

- ਜੋ ਆਪਣੇ ਹਿੱਸੇ ਦਾ ਕੰਮ ਕਰਨ ਤੋਂ ਬਿਨਾਂ ਹੀ ਭੋਜਨ ਕਰ ਲੈਂਦਾ ਹੈ ਅਸਲ ਵਿਚ ਉਹ ਚੋਰ ਹੈ।
- ਆਪਣੇ ਆਪ ਨੂੰ ਵੱਸ ਵਿਚ ਰੱਖਣ ਨਾਲ ਹੀ ਪੂਰਣ ਮਾਨਵਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

- ਸ਼ੇਖ ਸਾਦੀ

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❑ ਅਮਨਪ੍ਰੀਤ ਨਿਰੰਕਾਰੀ

# ਮੈਂ ਇਕ ਬੂੰਦ ਹਾਂ ਪਾਣੀ ਦੀ



ਜੀਵਨ ਬਚਾਉਂਦੀ ਹਰ ਇਕ ਦਾ ਮੈਂ,
ਗੱਲ ਸੁਣ ਲਉ ਮੇਰੀ ਨਿਆਣੀ ਦੀ।
ਦਿਨੋਂ-ਦਿਨ ਘੱਟਦੀ ਜਾ ਰਹੀ ਹਾਂ,
ਮੈਂ ਇਕ ਬੂੰਦ ਹਾਂ ਪਾਣੀ ਦੀ।

ਗਰਮੀ ਹੋਵੇ ਸਰਦੀ ਹੋਵੇ,
ਹਰ ਇਕ ਦੀ ਪਿਆਸ ਬੁਝਾਉਂਦੀ ਹਾਂ।
ਰੋਕ ਲਵੋ ਮੈਨੂੰ ਵਹਿਣ ਤੋਂ,
ਇਹੀ ਸਭ ਤੋਂ ਚਾਹੁੰਦੀ ਹਾਂ।
ਮੈਂ ਲੋੜ ਹਾਂ ਹਰ ਜੀਵ ਤੇ ਪ੍ਰਾਣੀ ਦੀ।
ਦਿਨੋਂ-ਦਿਨ ਘੱਟਦੀ ਜਾ ਰਹੀ ਹਾਂ,
ਮੈਂ ਇਕ ਬੂੰਦ ਹਾਂ ਪਾਣੀ ਦੀ।

ਲੋੜ ਤੋਂ ਵੱਧ ਵਰਤੇ ਜਾਣ ਤੇ,
ਜਦ ਮੈਂ ਧਰਤੀ ਤੇ ਵਹਿ ਜਾਂਦੀ ਹਾਂ।
ਜੀਵਨ ਘੱਟਦਾ ਤੇਰਾ ਬੰਦਿਆ,
ਇਹੀਓ ਤੈਨੂੰ ਕਹਿੰਦੀ ਹਾਂ।
ਮੈਂ ਗੱਲ ਨਹੀ ਕਰ ਰਹੀ ਕਿਸੇ ਕਹਾਣੀ ਦੀ।
ਦਿਨੋਂ-ਦਿਨ ਘੱਟਦੀ ਜਾ ਰਹੀ ਹਾਂ,
ਮੈਂ ਇਕ ਬੂੰਦ ਹਾਂ ਪਾਣੀ ਦੀ।

ਅੱਜ ਦੇ ਸਮੇਂ ਵਿਚ ਜੇ ਤੂੰ ਪ੍ਰਾਣੀ,
ਮੈਨੂੰ ਨਹੀਂ ਬਚਾਵੇਂਗਾ।
ਕੁਝ ਸਮਾਂ ਲੰਘਣ ਤੋਂ ਪਿਛੋਂ,
ਫਿਰ ਤੂੰ ਬਹੁਤ ਪਛਤਾਵੇਂਗਾ।
ਆਪਣੇ ਭਲੇ ਲਈ ਸਮਝ ਤੂੰ ਕੀਮਤ ਪਾਣੀ ਦੀ।
ਦਿਨੋਂ-ਦਿਨੋ ਘੱਟਦੀ ਜਾ ਰਹੀ ਹਾਂ,
ਮੈਂ ਇਕ ਬੂੰਦ ਹਾਂ ਪਾਣੀ ਦੀ...

❑ ਦੀਦੀ ਨੈਨਤਾਰਾ

# ਰਸਗੁੱਲੇ ਦੀ ਮਿੱਠੀ ਕਹਾਣੀ




ਪਿਆਰੇ ਬੱਚਿਉ ! ਅੱਜ ਪੂਰੇ ਦੇਸ਼ ਵਿਚ ਰੱਸਗੁਲੇ ਦੀ ਮਿਠਾਸ ਫੈਲੀ ਹੋਈ ਹੈ। ਲੋਕਾਂ ਦੇ ਮੂੰਹ ਵਿਚ ਰਸਗੁੱਲੇ ਦਾ ਨਾਂ ਸੁਣਦੇ ਹੀ ਪਾਣੀ ਆ ਜਾਂਦਾ ਹੈ। ਇਹ ਰਸਗੁੱਲਾ ਸਾਨੂੰ ਕਿੱਥੋਂ ਮਿਲਿਆ, ਇਹ ਜਾਨਣਾ ਸਾਡੇ ਲਈ ਮਨੋਰੰਜਕ ਹੈ।

ਰਸਗੁੱਲਾ, ਗੁਲਾਬਜਾਮੁਨ, ਚਮਚਮ, ਬੰਗਾਲੀ ਮਿਠਾਈਆਂ ਮੰਨੀਆਂ ਜਾਂਦੀਆਂ ਹਨ ਅਤੇ ਇਹ ਵੀ ਸੱਚ ਹੈ ਕਿ ਇਹਨਾਂ ਦੀ ਖੋਜ ਸਭ ਤੋਂ ਪਹਿਲਾਂ ਬੰਗਾਲ ਤੋਂ ਹੀ ਹੋਈ ਹੈ। ਇਹਨਾਂ ਦੀ ਖੋਜ ਪਲਾਸੀ ਯੁਧ ਤੋਂ ਬਾਅਦ ਮੰਨੀ ਜਾਂਦੀ ਹੈ। ਉਸ ਸਮੇਂ ਕਲਕੱਤਾ ਵਿਚ ਇਕ ਨਵੀਂ ਸੰਸਕ੍ਰਿਤੀ ਦਾ ਜਨਮ ਹੋਇਆ ਜਿਸ ਵਿਚ ਸਾਹਿਤ, ਸੰਗੀਤ ਅਤੇ ਕਲਾ ਦੇ ਖੇਤਰ ਵਿਚ ਵਿਆਪਕ ਬਦਲਾਵ ਆਇਆ ਅਤੇ ਵੱਖ-ਵੱਖ ਨਵੀਆਂ-ਨਵੀਆਂ ਮਿਠਾਈਆਂ ਦੀ ਖੋਜ ਵੀ ਹੋਈ। ਰਸਿਕ ਬੰਗਾਲੀ ਮੋਸਾਏ ਦਾ ਇਹ ਮਿਠਾਈ ਪ੍ਰੇਮ ਬੰਗਾਲੀ ਸੰਸਕ੍ਰਿਤੀ ਦਾ ਵੱਖਰਾ ਅੰਗ ਬਣ ਗਿਆ। ਸ਼ੁਰੂਆਤ ਸੰਦੇਸ਼ ਅਤੇ ਰੱਸਗੁਲੇ ਨਾਲ ਹੋਈ ਕਿਉਂਕਿ ਇਹਨਾਂ ਵਿਚ ਛੇਨੇ ਦਾ ਹੀ ਇਸਤੇਮਾਲ ਹੁੰਦਾ ਸੀ ਅਤੇ ਵੇਸਣ ਜਾਂ ਆਟਾ ਇਸਤੇਮਾਲ ਨਹੀਂ ਹੁੰਦਾ ਸੀ। ਇਸ ਲਈ ਛੂਤਛਾਤ ਮੰਨਣ ਵਾਲੇ ਉਸ ਸਮੇਂ ਦੇ ਬੰਗਾਲੀ ਸਮਾਜ ਵਿਚ ਇਸ ਨੂੰ ਖਾਸ ਲੋਕਪ੍ਰਿਅਤਾ ਮਿਲੀ। ਇਹਨਾਂ ਮਿਠਾਈਆਂ ਦੀ ਪਵਿੱਤਰਤਾ ਵਿਚ ਛੋਟੀਆਂ ਜਾਤਾਂ ਦੇ ਛੂਹਣ ਨਾਲ ਵੀ ਅਪਵਿੱਤਰਤਾ ਆਉਣ ਦਾ ਡਰ ਨਹੀਂ ਸੀ। ਇਸ ਨੂੰ ਇਸ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਛੇਨੇ ਨਾਲ ਬਣੇ ਸੰਦੇਸ਼ ਅਤੇ ਰਸਗੁੱਲੇ ਨੇ ਸਮਾਜ ਵਿਚੋਂ ਛੂਤਛਾਤ ਮਿਟਾਉਣ ਵਿਚ ਵੀ ਮਦਦ ਕੀਤੀ।

ਉਸ ਵੇਲੇ ਡਾਕ ਜਾਂ ਸੰਚਾਰ ਵਿਵਸਥਾ ਸ਼ੁਰੂ ਨਹੀਂ ਸੀ ਹੋਈ ਤਾਂ ਲੋਕ ਜਰੂਰੀ ਸੰਦੇਸ਼ ਭੇਜਣ ਲਈ ਆਦਮੀਆਂ ਨੂੰ ਭੇਜਦੇ ਸਨ। ਲੇਕਿਨ ਸੰਦੇਸ਼ਵਾਹਕ ਖਾਲੀ ਹੱਥ ਸਦੇਸ਼ ਲੈ ਕੇ ਹੀ ਜਾਣ, ਇਹ ਵੀ ਠੀਕ ਨਹੀਂ ਸੀ। ਤਦ ਲੋਕ ਜਿਹੜੀ ਮਿਠਾਈ ਨੂੰ ਸੰਦੇਸ਼ਵਾਹਕ ਦੇ ਨਾਲ ਭੇਜਣ ਲਗੇ, ਉਹ ਹੀ ਸੰਦੇਸ਼ ਦੇ ਨਾਂ ਤੋਂ ਮਸ਼ਹੂਰ ਹੋਈ। ਉਸ ਮਿਠਾਈ ਨੂੰ ਰਸੀਲਾ ਕਰਨ ਤੇ ਉਸ ਦਾ ਨਾਂ ਰਸਗੁੱਲਾ ਪੈ ਗਿਆ। ਰਸਗੁੱਲੇ ਦੀ ਰਸ ਭਰੀ ਸਾਦਗੀ ਉਤੇ ਅੱਜ ਦੁਨੀਆ ਨੌਛਾਵਰ ਹੈ। ਇਹ ਐਨੀ ਮਸ਼ਹੂਰ ਹੈ ਕਿ ਅੱਜ ਰਾਜਸਥਾਨ ਦੇ ਬੀਕਾਨੇਰ ਨੇ ਵੀ ਰਸਗੁੱਲਾ ਉਤਪਾਦਕ ਵਿਚ ਨਾਮ ਕਮਾ ਲਿਆ ਹੈ।

ਜਦੋਂ ਕਲਕੱਤਾ ਅਤੇ ਬੰਗਾਲੀ ਮਿਠਾਈ ਦੀ ਚਰਚਾ ਕੀਤੀ ਜਾਵੇ ਤਾਂ ਭੋਲਾਨਾਥ ਦੇ ਨਾਂ ਨੂੰ ਕੋਈ ਜਿਵੇਂ ਭੁੱਲ ਸਕਦਾ ਹੈ? ਕਲਕੱਤਾ ਦੇ ਬਾਗ ਬਜਾਰ ਦੇ ਭੋਲਾਨਾਥ ਹਲਵਾਈ ਦੇ ਹੱਥਾਂ ਦੀ ਕਾਰੀਗਰੀ ਉਸ ਦੀ ਮਿਠਾਈ ਵਿਚ ਗੀਤ-ਸੰਗੀਤ ਦੀ ਤਰ੍ਹਾਂ ਬਹੁਤ ਪਿਆਰੀ ਅਤੇ ਮਿਠਾਸ ਭਰੀ ਸੀ। ਉਸ ਤੋਂ ਬਾਅਦ ਭੀਮਚੰਦ ਨਾਗ ਅਤੇ ਕ੍ਰਿਸ਼ਨਚੰਦ ਦਾਸ ਦਾ ਨਾਂ ਬੰਗਾਲੀ ਮਿਠਾਈਆਂ ਦੀ ਦੁਨੀਆਂ ਵਿਚ ਫੈਲਿਆ। ਪਰਾਣਚੰਦ ਨਾਗ ਜੋ ਭੀਮਚੰਦ ਨਾਗ ਦੇ ਪਿਤਾ ਸਨ ਪਹਿਲਾਂ ਤੋਂ ਹੀ ਕਲਕੱਤਾ ਵਿਚ ਵੱਸ ਗਏ ਸਨ ਜੋ ਮਨੋਹਰਾ ਅਤੇ ਰਸਭਰਾ ਨਾਮਕ ਮਿਠਾਈਆਂ ਦੇ ਕਾਰਣ ਮਸ਼ਹੂਰ ਸਨ। ਉਹਨਾਂ ਦੇ ਪੁੱਤਰ ਭੀਮਚੰਦ ਨੇ ਸੰਦੇਸ਼ ਵਿਚ ਨਵੇਂ ਪ੍ਰਯੋਗ ਕੀਤੇ ਜਿਸ ਨੂੰ ਲੋਕਾਂ ਨੇ ਪਸੰਦ ਕੀਤਾ। ਕ੍ਰਿਸ਼ਨਚੰਦ ਦਾਸ ਨੇ ਰਸਗੁੱਲੇ ਵਿਚ ਨਾਮ ਕਮਾਇਆ। ਉਹਨਾਂ ਨੇ ਹੀ ਸਭ ਤੋਂ ਪਹਿਲਾਂ ਹਵਾਬੰਦ ਪੈਕ ਡਿੱਬੇ ਵਿਚ ਰਸਗੁੱਲੇ ਪੈਕ ਕਰਕੇ ਉਹਨਾਂ ਨੂੰ ਵਿਦੇਸ਼ ਤਕ ਪਹੁੰਚਾਉਣ ਵਿਚ ਮਦਦ ਕੀਤੀ।

ਅੱਜ ਬੰਗਾਲੀ ਮਿਠਾਈਆਂ ਵਿਚ ਅਨੇਕ ਨਵੇਂ-ਨਵੇਂ ਪ੍ਰਯੋਗ ਕਰਕੇ ਵੱਖਰਾ ਸੁਆਦ, ਰੰਗ-ਰੂਪ ਅਤੇ ਆਕਾਰ ਦੇ ਦਿੱਤੇ ਗਏ ਹਨ, ਜਿਨ੍ਹਾਂ ਨੂੰ ਵੱਖ-ਵੱਖ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ■



ਬੋਧਕਥਾ - ਮਹਿੰਦਰ ਸ਼ੇਖਾਵਤ

# ਮਹਾਨ ਕੌਣ ?

ਚਾਰੇ ਪਾਸੇ ਦੀਪ ਹੀ ਦੀਪ ਝਿਲਮਿਲਾ ਰਹੇ ਸਨ। ਉਹਨਾਂ ਵਿਚੋਂ ਇੱਕ ਦੀਪਕ ਬੋਲਿਆ '' ਵੇਖੋ ! ਮੈਂ ਹਨੇਰੇ ਨੂੰ ਦੂਰ ਕਰਕੇ ਪ੍ਰਕਾਸ਼ ਫੈਲਾਅ ਰਿਹਾ ਹਾਂ।'' ਇਹ ਸੁਣਦੇ ਹੀ ਦੀਪਕ ਵਿਚ ਬਲ ਰਹੀ ਬੱਤੀ ਨੇ ਕਿਹਾ ''ਦੀਪ ਮੇਰੇ ਭਰਾ, ਪ੍ਰਕਾਸ਼ ਤਾਂ ਮੈਂ ਫੈਲਾਅ ਰਹੀ ਹਾਂ, ਵੇਖ ਲੈ ! ਬਲ ਤਾਂ ਮੈਂ ਰਹੀ ਹਾਂ''।

ਬੱਤੀ ਦੀ ਗੱਲ ਸੁਣ ਕੇ ਤੇਲ ਝੱਟ ਹੀ ਬੋਲ ਪਿਆ ''ਬੱਤੀ ਭੈਣ, ਤੂੰ ਵੀ ਮੇਰੇ ਬਿਨਾਂ ਨਹੀਂ ਬਲ ਸਕਦੀ। ਤੂੰ ਮੇਰੇ ਹੋਣ ਕਰਕੇ ਹੀ ਪ੍ਰਕਾਸ਼ ਫੈਲਾਅ ਰਹੀ ਹੈ, ਇਸ ਲਈ ਮੈਂ ਜ਼ਿਆਦਾ ਮਹਾਨ ਹਾਂ।''

ਇਸ ਪ੍ਰਕਾਰ ਤਿੰਨੇ ਆਪਸ ਵਿਚ ਬਹਿਸ ਕਰਨ ਲੱਗ ਗਏ। ਦੀਪਕ ਕਹਿਣ ਲੱਗਾ ''ਮੈਂ ਮਹਾਨ ਹਾਂ ! ਮੇਰੇ ਬਿਨਾਂ ਤੁਹਾਡਾ ਕੋਈ ਵਜੂਦ ਨਹੀਂ ਤਾਂ ਤੇਲ, ਬੱਤੀ ਵੀ ਆਪਣੇ ਆਪ ਨੂੰ ਮਹਾਨ ਕਹਿਣ ਲੱਗ ਗਏ।


ਉਹਨਾਂ ਦੀਆਂ ਗੱਲਾਂ ਸੁਣ ਕੇ ਮਿੱਟੀ ਬੋਲ ਪਈ - ''ਦੀਪਕ ਭਰਾ, ਤੁਸੀਂ ਮਹਾਨ ਹੋ ਕਿਉਂਕਿ ਤੁਸੀਂ ਤੇਲ ਅਤੇ ਬੱਤੀ ਦੋਹਾਂ ਨੂੰ ਸ਼ਰਣ ਦੇ ਰੱਖੀ ਹੈ, ਪਰ ਮੇਰੇ ਬਿਨਾਂ ਤੁਹਾਡਾ ਵੀ ਕੋਈ ਵਜੂਦ ਨਹੀਂ ਹੈ। ਇਸ ਲਈ ਆਪਣੀ-ਆਪਣੀ ਜਗ੍ਹਾ ਸਾਰੇ ਹੀ ਮਹਾਨ ਹੁੰਦੇ ਹਨ। ਜੇਕਰ ਅਸੀਂ ਆਪਸ ਵਿਚ ਸਹਿਯੋਗ ਨਾ ਕਰੀਏ ਤਾਂ ਪ੍ਰਕਾਸ਼ ਕਦੇ ਨਹੀਂ ਹੋ ਸਕਦਾ। ਪ੍ਰਕਾਸ਼ ਲਈ ਸਾਡਾ ਆਪਸ ਵਿਚ ਸਹਿਯੋਗ ਬਹੁਤ ਜਰੂਰੀ ਹੈ।

ਹੁਣ ਮਿੱਟੀ ਦੀ ਗੱਲ ਸੁਣ ਕੇ ਸਾਰੇ ਸਮਝ ਗਏ ਅਤੇ ਬਹਿਸ ਛੱਡ ਕੇ ਚੁੱਪ ਹੋ ਗਏ।


ਦਾਦਾ ਜੀ
ਚਿੱਤਰਕਾਰੀ ਅਤੇ ਲੇਖਕ
ਅਜੈ ਕਾਲੜਾ
ਇਕ ਸਹਿਰ ਵਿੱਚ ਇਕ ਵਿਅਕਤੀ ਆਪਨਾ ਜੀਵਨ ਬੜੇ ਸੁਖੀ ਤਰੀਕੇ ਨਾਲ ਬਿਤਾ ਰਿਹਾ ਸੀ। ਉਹ ਹਰ ਰੋਜ਼ ਘਰ ਦੇ ਸਾਹਮਣੇ ਵਾਲੇ ਬਗੀਚੇ ਵਿੱਚ ਕਾਫੀ ਸਮਾਂ ਬਤੀਤ ਕਰਦਾ ਸੀ।
ਇਕ ਦਿਨ ਉਸ ਨੇ ਬਾਗ ਦੇ ਇਕ ਰੁੱਖ ਦੀ ਟਹਿਣੀ ਨਾਲ ਲਟਕਦਾ ਇਕ ਤਿਤਲੀ ਦਾ ਕੋਕੂਨ ਵੇਖਿਆ। ਉਹ ਕੋਕੂਨ ਨੂੰ ਵਾਰ-ਵਾਰ ਵੇਖਦਾ ਰਿਹਾ।


ਅਗਲੇ ਦਿਨ ਉਸ ਨੇ ਵੇਖਿਆ ਕਿ ਕੋਕੂਨ ਵਿੱਚ ਇਕ ਛੋਟਾ ਜਿਹਾ ਸੁਰਾਖ ਬਣ ਗਿਆ ਹੈ ਜਿਸ ਵਿਚੋਂ ਤਿਤਲੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੀ ਹੈ।
ਤਿਤਲੀ ਦੀ ਛਟਪਟਾਹਟ ਵੇਖ ਕੇ ਉਸ ਨੇ ਤਿਤਲੀ ਦੀ ਮਦਦ ਕਰਨ ਦੀ ਸੋਚੀ।
ਅਗਲੇ ਦਿਨ ਉਹ ਇਕ ਕੈਂਚੀ ਲੈ ਕੇ ਬਗੀਚੇ ਵਿੱਚ ਪਹੁੰਚਿਆ। ਉਸ ਨੇ ਕੈਂਚੀ ਨਾਲ ਕੋਕੂਨ ਦਾ ਸੁਰਾਖ ਕੱਟ ਦਿੱਤਾ।



ਤਿਤਲੀ ਆਸਾਨੀ ਨਾਲ ਕੋਕੂਨ ਵਿਚੋਂ ਬਾਹਰ ਆ ਗਈ, ਜਿਸ ਦੇ ਖੰਭ ਸੁੱਕੇ ਹੋਏ ਸਨ।
ਤਿਤਲੀ ਨੂੰ ਬਾਹਰ ਆਉਂਦੇ ਵੇਖ ਕੇ ਉਹ ਬਹੁਤ ਖੁਸ਼ ਹੋਇਆ ਅਤੇ ਤਿਤਲੀ ਦੇ ਉਡੱਣ ਦੀ ਉਡੀਕ ਕਰਨ ਲੱਗਾ।
ਪਰ ਉਸ ਨੇ ਵੇਖਿਆ ਕਿ ਤਿਤਲੀ ਉਡੱਣ ਵਿਚ ਸਫਲ ਨਹੀਂ ਹੋ ਰਹੀ ਹੈ।
ਉਹ ਬਹੁਤ ਨਿਰਾਸ਼ ਹੋ ਗਿਆ। ਉਸ ਨੂੰ ਆਪਣੀ ਜਲਦਬਾਜੀ ਤੇ ਪਛਤਾਵਾ ਹੋਣ ਲੱਗਾ।



ਤਿਤਲੀ ਨੂੰ ਪੂਰਨ ਵਿਕਾਸ ਲਈ ਤਰਲ ਅਤੇ ਸਮੇਂ ਦੀ ਜ਼ਰੂਰਤ ਹੁੰਦੀ ਹੈ।
ਪੁੱਤੂ ਜਲਦਬਾਜੀ ਦੇ ਕਾਰਣ ਤਿਤਲੀ ਦਾ ਵਿਕਾਸ ਰੁਕ ਗਿਆ ਜਿਸ ਦੇ ਫਲਸਰੂਪ ਉਹ ਉੱਡ ਨਾ ਸਕੀ।
ਫਿਰ ਉਸ ਨੂੰ ਸਮਝ ਆਇਆ ਕਿ ਕੋਕੂਨ ਤੋਂ ਤਿਤਲੀ ਬਣਨ ਦੀ ਪ੍ਰਕ੍ਰਿਆ ਪ੍ਰਕਿਰਤੀ ਨੇ ਸਮੇਂ ਅਨੁਸਾਰ ਬਣਾਈ ਹੈ ਜਿਸ ਨਾਲ ਉਸ ਦਾ ਸਹੀ ਵਿਕਾਸ ਹੋ ਸਕੇ।

# ਬੁੱਧੀ ਦੀ ਪਰਖ

## ਅੰਤਰ ਪਛਾਣੋਂ - - -



kids Nirankari
spiritual dreamland for kids

# Spiritual Zone for kids



With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
| --- | --- | --- |
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
| --- | --- | --- | --- | --- | --- |
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 8-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219 |

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)